# ECHO OF HIS CALL

# ਯਿਸੂ ਮਸੀਹ ਦੇ ਬੁਲਾਵੇ ਦੀ ਗੂੰਜ

PUNJABI

India's National Spiritual Newspaper

₹ 10/-

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

Editor : S. SAM SELVA RAJ | 16 Languages | Associate Editor : Bro. Vishwas Masih

VOL. XXI | YEAR OF OUR LORD JESUS CHRIST, 2020 APRIL, MAY, JUNE | NO. 2


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 37:1-9

1. ਬੁਰਿਆਂ ਦੇ ਕਾਰਨ ਨਾ ਕੁੜ, ਕੁਕਰਮੀਆਂ ਵੱਲੋਂ ਨਾ ਸੜ।
2. ਉਹ ਤਾਂ ਘਾਹ ਵਾਂਙੁ ਛੇਤੀ ਕੁਮਲਾ ਜਾਣਗੇ, ਅਤੇ ਸਾਗ ਪੱਤ ਵਾਂਙੁ ਮੁਰਝਾ ਜਾਣਗੇ।
3. ਯਹੋਵਾਹ ਉੱਤੇ ਭਰੋਸਾ ਰੱਖ ਅਤੇ ਭਲਿਆਈ ਕਰ, ਦੇਸ਼ ਵਿੱਚ ਵੱਸ ਅਤੇ ਸੱਚਾਈ ਉੱਤੇ ਪਲ।
4. ਤੂੰ ਯਹੋਵਾਹ ਉੱਤੇ ਨਿਹਾਲ ਰਹੁ, ਤਾਂ ਉਹ ਤੇਰੇ ਮਨੋਰਥਾਂ ਨੂੰ ਪੂਰਾ ਕਰੇਗਾ।
5. ਆਪਣਾ ਰਾਹ ਯਹੋਵਾਹ ਦੇ ਗੋਚਰਾ ਕਰ ਅਤੇ ਉਸ ਉੱਤੇ ਭਰੋਸਾ ਰੱਖ ਅਤੇ ਉਹ ਪੂਰਾ ਕਰੇਗਾ।
6. ਉਹ ਤੇਰੇ ਧਰਮ ਨੂੰ ਚਾਨਣ ਵਾਂਙੁ ਅਤੇ ਤੇਰੇ ਨਿਆਂ ਨੂੰ ਦੁਪਹਿਰ ਵਾਂਙੁ ਪ੍ਰਕਾਸ਼ਤ ਕਰੇਗਾ।
7. ਯਹੋਵਾਹ ਦੇ ਅੱਗੇ ਚੁੱਪਚਾਪ ਰਹੁ ਅਤੇ ਧੀਰਜ ਨਾਲ ਉਹ ਦੀ ਉਡੀਕ ਰੱਖ, ਉਸ ਮਨੁੱਖ ਦੇ ਵਿਰੁੱਧ ਨਾ ਕੁੜ ਜਿਹ ਦਾ ਰਾਹ ਸਫ਼ਲ ਹੁੰਦਾ ਹੈ ਅਤੇ ਜਿਹੜਾ ਜੁਗਤਾਂ ਨੂੰ ਪੂਰਾ ਕਰਾਉਂਦਾ ਹੈ।
8. ਕ੍ਰੋਧ ਨੂੰ ਛੱਡ ਅਤੇ ਕੋਪ ਨੂੰ ਤਿਆਗ ਦੇ, ਨਾ ਕੁੜ- ਉਸਤੋਂ ਬੁਰਾਈ ਹੀ ਨਿਕਲਦੀ ਹੈ।
9. ਕੁਕਰਮੀ ਤਾਂ ਛੇਕੇ ਜਾਣਗੇ ਪਰ ਜਿਹੜੇ ਯਹੋਵਾਹ ਨੂੰ ਉਡੀਕਦੇ ਹਨ ਓਹੋ ਧਰਤੀ ਦੇ ਵਾਰਸ ਹੋਣਗੇ।

## The Lord God Who works behind the scene!

## ਪ੍ਰਮੇਸ਼ਵਰ ਜਿਹੜਾ ਦ੍ਰਿਸ਼ ਦੇ ਪਿੱਛੇ ਕੰਮ ਕਰਦਾ ਹੈ!

"ਯਹੋਵਾਹ ਐਉਂ ਫਰਮਾਉਂਦਾ ਹੈ ਭਈ ਤੁਸੀ ਨਾ ਪੌਣ ਨੂੰ ਵੇਖੋਗੇ ਨਾ ਮੀਂਹ ਨੂੰ ਤਾਂ ਭੀ ਉਹ ਦੂਣ ਪਾਣੀ ਨਾਲ ਭਰ ਜਾਵੇਗੀ ਅਰ ਤੁਸੀਂ ਪੀਓਗੇ ਤੇ ਤੁਹਾਡੇ ਡੰਗਰ ਪਸ਼ੂ ਵੀ" (2 ਰਾਜਿਆਂ 3:17)।

### ਏਂਜਲਿਨ ਐੱਸ. ਹੈੱਨਰੀ

ਪ੍ਰਮੇਸ਼ਵਰ ਦੇ ਕੰਮ ਅਦਭੁੱਤ ਹਨ! ਉਹ ਅਜਿਹਾ ਪ੍ਰਮੇਸ਼ਵਰ ਹੈ ਜੋ ਆਪਣੇ ਕੰਮ ਵਿੱਚ ਕਦੇ ਮਿਲਾਵਟ ਨਹੀਂ ਕਰਦਾ। ਉਹ ਹਰੇਕ ਮਨੁੱਖ ਨਾਲ ਬੜੇ ਵਿਲੱਖਣ ਢੰਗ ਨਾਲ ਵਰਤਾਓ ਕਰਦਾ ਹੈ। ਭਾਵੇਂ ਜਰੂਰਤ/ਮੁਸ਼ਕਲ ਇੱਕ ਹੀ ਹੋਵੇ ਪਰੰਤੂ ਉਸਨੂੰ ਹੱਲ ਕਰਨ ਦਾ ਉਸਦਾ ਢੰਗ ਹਮੇਸ਼ਾ ਅਲੱਗ ਹੁੰਦਾ ਹੈ। ਬਹੁਤੀ ਵਾਰ ਅਸੀਂ ਪ੍ਰਮੇਸ਼ਵਰ ਕੋਲ ਇੱਕ ਹੀ ਸੋਚ ਲੈ ਕੇ ਆਉਂਦੇ ਹਾਂ; ਅਰ ਸੋਚਦੇ ਹਾਂ ਕਿ ਉਹ ਇਸੇ ਤਰਾਂ ਹੀ ਕੰਮ ਕਰੇਗਾ। ਜਦੋਂ ਉਹ ਉਸ ਢੰਗ ਨਾਲ ਕੰਮ ਨਹੀਂ ਕਰਦਾ ਜਿਵੇਂ ਅਸੀਂ ਚਾਹੁੰਦੇ ਸੀ ਤਾਂ ਅਸੀਂ ਨਿਰਾਸ਼ ਅਰ ਪਰੇਸ਼ਾਨ ਹੋ ਜਾਂਦੇ ਹਾਂ!! ਅਸੀਂ ਉਸ ਪ੍ਰਮੇਸ਼ਵਰ ਨੂੰ ਵੇਖਣ ਵਿੱਚ ਅਸਮਰੱਥ ਹੋ ਜਾਂਦੇ ਹਾਂ ਜਿਹੜਾ ਦ੍ਰਿਸ਼ ਦੇ ਪਿੱਛੇ ਕੰਮ ਕਰ ਰਿਹਾ ਹੈ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਤਾਂ ਸਾਡਾ ਧਿਆਨ ਮਾਧਿਅਮ ਉੱਤੇ ਨਹੀਂ ਬਲਕਿ ਉੱਤਰ ਤੇ ਹੋਣਾ ਚਾਹੀਦਾ ਹੈ। ਕਿਉਂਕਿ 2 ਰਾਜਿਆਂ 3:17 ਵਿੱਚ ਬਾਈਬਲ ਆਖਦੀ ਹੈ, "ਯਹੋਵਾਹ ਐਉਂ ਫਰਮਾਉਂਦਾ ਹੈ ਭਈ ਤੁਸੀ ਨਾ ਪੌਣ ਨੂੰ ਵੇਖੋਗੇ ਨਾ ਮੀਂਹ ਨੂੰ ਤਾਂ ਭੀ ਉਹ ਦੂਣ ਪਾਣੀ ਨਾਲ ਭਰ ਜਾਵੇਗੀ"। ਸਾਨੂੰ ਮੀਂਹ, ਪੌਣ, ਤ੍ਰੇਲ ਨੂੰ ਅਤੇ ਪਾਣੀ ਦੀ ਕਿਸੇ ਵੀ ਝਲਕ ਨੂੰ ਵੇਖਣ ਦੀ ਲੋੜ ਨਹੀਂ ਬਲਕਿ ਇਹ ਵੇਖਣ ਦੀ ਲੋੜ ਹੈ ਕਿ ਸਾਡੀ ਦੂਣ ਸਵੇਰ ਵੇਲੇ ਭਰੀ ਪਈ ਹੈ!

ਪਹਿਲਾ ਈਸਟਰ ਇਸ ਗੱਲ ਦੀ ਸੁੰਦਰ ਉਦਾਹਰਨ ਹੈ ਕਿ ਪ੍ਰਮੇਸ਼ਵਰ ਕਿਵੇਂ ਦ੍ਰਿਸ਼ ਦੇ ਪਿੱਛੇ ਰਹਿ ਕੇ ਕੰਮ ਕਰਦਾ ਹੈ- ਉਹ ਸਮਾਂ ਹਨੇਰ ਅਰ ਪਰੇਸ਼ਾਨੀਆਂ ਦਾ ਸਮਾਂ ਸੀ, ਚਾਰੋਂ ਪਾਸੇ ਨਿਰਾਸ਼ਾ ਅਤੇ ਡਰ ਸੀ। ਲੋਕ ਆਪਣੇ ਘਰਾਂ ਤੋਂ ਬਾਹਰ ਨਿਕਲਣ ਤੋਂ ਵੀ ਡਰਦੇ ਸਨ। ਚੇਲੇ ਵੀ ਬੂਹਿਆਂ ਦੇ ਪਿੱਛੇ ਡੱਕੇ ਹੋਏ ਸਨ। ਉਨ੍ਹਾਂ ਦਾ ਆਗੂ, ਜਿਸ ਉੱਤੇ ਉਹ ਭਰੋਸਾ ਕਰਦੇ ਸਨ ਸਲੀਬ ਉੱਤੇ ਚੜ੍ਹਾ ਦਿੱਤਾ ਗਿਆ ਸੀ। ਹੁਣ ਅਗਲੀ ਵਾਰੀ ਉਨ੍ਹਾਂ ਵਿੱਚੋਂ ਕਿਸੇ ਦੀ ਵੀ ਹੋ ਸਕਦੀ ਸੀ। ਉਸ ਵੇਲੇ ਉਹ ਔਰਤਾਂ ਜਿਨ੍ਹਾਂ ਨੂੰ ਸਮਾਜ ਵਿੱਚ ਬਹੁਤ ਹੀ ਸਧਾਰਨ, ਕਮਜ਼ੋਰ ਅਤੇ ਨਿਮਨ ਸਮਝਿਆ ਜਾਂਦਾ ਸੀ, ਸਵੇਰੇ ਤੜ੍ਹਕੇ ਉੱਠਦੀਆਂ ਹਨ ਅਤੇ ਆਪਣੇ ਪ੍ਰਭੂ ਨੂੰ ਮਿਲਣ ਲਈ ਤਿਆਰੀ ਕਰਦੀਆਂ ਹਨ।

(ਚਲਦਾ ਸਫਾ 3-)

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ,
ਉੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)



**"...ਸੁੱਖ ਸਾਂਦ ਨਾਲ ਜਾਹ ਅਤੇ ਇਸਰਾਏਲ ਦਾ ਪ੍ਰਮੇਸ਼ਵਰ ਤੇਰੀ ਅਰਜੋਈ ਪੂਰੀ ਕਰੇ ਜੋ ਤੈਂ ਉਸ ਤੋਂ ਮੰਗੀ ਹੈ" (1 ਸਮੂਏਲ 1:17)।**




CHIEF EDITORS
Pastor S. Sam Selva Raj
Angeline Selvakumari Henry, M.A., M.Ed.
MANAGING EDITOR
Pastor Alex Samson Sam, B.Th., M.Div.
ADMINISTRATION
Bro. N. Prakasam, M.A., General Manager
EDITORIAL BOARD
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.
ADVISORY BOARD
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L.
Bro. Rajeswaran Samuel, B.Com.
PUBLISHER & PRINTER
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+91-44) 2852 8282
2852 9293, 2854 7766
Email : sam@echoofhiscall.org
biblecor@yahoo.co.in
Websites :
www.echoofhiscall.org
www.echoofhiscall.com

ਮਸੀਹ ਯਿਸੂ ਵਿੱਚ ਪਿਆਰੇ ਮਿੱਤਰੋ,

ਸਾਡੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਨਾਮ ਵਿੱਚ ਅਸੀਂ ਤੁਹਾਨੂੰ ਸ਼ੁੱਭ ਇੱਛਾਵਾਂ ਦਿੰਦੇ ਹਾਂ।

ਦਿਨ ਤੇਜੀ ਨਾਲ ਬੀਤ ਰਹੇ ਹਨ। ਅਸੀਂ ਇਸ ਸਾਲ ਦਾ ਲਗਭਗ ਇੱਕ ਤਿਹਾਈ ਹਿੱਸਾ ਗੁਜ਼ਾਰ ਚੁੱਕੇ ਹਾਂ। ਸਾਡੀਆਂ ਜ਼ਿੰਮੇਵਾਰੀਆਂ ਲਗਾਤਾਰ ਵਧ ਰਹੀਆਂ ਹਨ। ਅਸੀਂ ਕਿਸੇ ਵੀ ਤਰਾਂ ਸੰਸਾਰ ਦੇ ਹਰੇਕ ਮਨੁੱਖ ਤੱਕ ਸੁਸਮਾਚਾਰ ਲੈ ਕੇ ਪਹੁੰਚਣਾ ਹੈ।

ਲੋਕਾਂ ਦੇ ਇੱਕ ਸਮੂਹ ਨੇ ਹਾਲੇ ਸੁਸਮਾਚਾਰ ਨਹੀਂ ਸੁਣਿਆ। ਪਰੰਤੂ ਇੱਕ ਦੂਸਰਾ ਸਮੂਹ ਵੀ ਹੈ ਜਿਹੜਾ ਆਪਣੇ ਦਰਸ਼ਨ ਨੂੰ ਲੈ ਕੇ ਅੱਗੇ ਨਹੀਂ ਵਧ ਰਿਹਾ। ਕਲੀਸਿਆਵਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਭੁਲਾ ਦਿੱਤਾ ਹੈ ਅਤੇ ਉਹ ਵਪਾਰਕ ਸੋਚ ਨਾਲ ਕੰਮ ਕਰ ਰਹੀਆਂ ਹਨ।

"ਇੱਕ ਅਚਰਜ ਅਤੇ ਭਿਆਨਕ ਗੱਲ ਦੇਸ਼ ਵਿੱਚ ਹੋਈ ਹੈ; ਨਬੀ ਝੂਠੇ ਅਗੰਮ ਵਾਚਦੇ ਹਨ, ਜਾਜਕ ਉਨ੍ਹਾਂ ਦੇ ਕਾਰਨ ਹੁਕਮ ਚਲਾਉਂਦੇ ਹਨ ਅਤੇ ਮੇਰੀ ਪਰਜਾ ਇਉਂ ਹੀ ਪਸੰਦ ਕਰਦੀ ਹੈ ਪਰ ਜਦ ਓੜਕ ਹੋਵੇਗਾ ਤਾਂ ਤੁਸੀਂ ਕੀ ਕਰੋਗੇ?" (ਯਿਰਮਿਯਾਹ 5:30,31)।

"ਰਾਤ ਚੱਲੀ ਆਉਂਦੀ ਹੈ ਜਦੋਂ ਕੋਈ ਕੰਮ ਨਹੀਂ ਕਰ ਸਕਦਾ" (ਯੂਹੰਨਾ 9:4)। ਜੇ ਤੂੰ ਪੈਦਲ ਤੁਰਨ ਵਾਲਿਆਂ ਨਾਲ ਦੌੜਿਆ ਅਤੇ ਉਨ੍ਹਾਂ ਤੈਨੂੰ ਥਕਾ ਦਿੱਤਾ, ਤਾਂ ਤੂੰ ਘੋੜਿਆਂ ਦੀ ਬਰਾਬਰੀ ਕਿਵੇਂ ਕਰੇਂਗਾ? ਜੇ ਸ਼ਾਂਤੀ ਦੀ ਧਰਤੀ ਉੱਤੇ ਤੇਰਾ ਭਰੋਸਾ ਹੈ ਤਾਂ ਤੂੰ ਯਰਦਨ ਦੇ ਜੰਗਲ ਵਿੱਚ ਕੀ ਕਰੇਂਗਾ?" (ਯਿਰਮਿਯਾਹ 12:5)। "ਮੇਰੀ ਪਰਜਾ ਵਿੱਚ ਤਾਂ ਦੁਸ਼ਟ ਪਾਏ ਗਏ, ਉਹ ਫਾਂਧੀਆਂ ਵਾਂਗ ਘਾਤ ਵਿੱਚ ਬੈਠਦੇ ਹਨ..." (ਯਿਰਮਿਯਾਹ 5:26)। "ਉਨ੍ਹਾਂ ਵਿੱਚ ਛੋਟੇ ਤੋਂ ਲੈ ਕੇ ਵੱਡੇ ਤੱਕ ਸਾਰੇ ਦੇ ਸਾਰੇ ਨਫੇ ਦੇ ਲੋਭੀ ਹਨ; ਅਤੇ ਨਬੀ ਤੋਂ ਲੈ ਕੇ ਜਾਜਕ ਤੀਕ ਸਾਰਿਆਂ ਦੇ ਸਾਰੇ ਧੋਖਾ ਕਰਦੇ ਹਨ। ਉਨ੍ਹਾਂ ਨੇ ਮੇਰੀ ਪਰਜਾ ਦੇ ਫੱਟਾਂ ਨੂੰ ਥੋੜਾ ਜਿਹਾ ਚੰਗਾ ਕੀਤਾ ਹੈ, ਉਹ ਆਖਦੇ ਹਨ ਸ਼ਾਂਤੀ, ਸ਼ਾਂਤੀ! ਪਰ ਸ਼ਾਂਤੀ ਹੈ ਨਹੀਂ" (ਯਿਰਮਿਯਾਹ 6:13,14)। "ਤੁਸੀਂ ਰਾਹਾਂ ਵਿੱਚ ਖਲੋ ਜਾਓ ਅਰ ਵੇਖੋ ਅਤੇ ਪੁਰਾਣੇ ਰਸਤਿਆਂ ਲਈ ਪੁੱਛੋ, ਭਈ ਅੱਛਾ ਰਾਹ ਕਿੱਥੇ ਹੈ? ਤਾਂ ਉਹ ਦੇ ਵਿੱਚ ਚੱਲੋ; ਤੁਸੀਂ ਆਪਣੀਆਂ ਜਾਨਾਂ ਲਈ ਅਰਾਮ ਪਾਓਗੇ। ਪਰ ਉਨ੍ਹਾਂ ਆਖਿਆ, ਅਸੀਂ ਉਸ ਵਿੱਚ ਨਾ ਚੱਲਾਂਗੇ" (ਯਿਰਮਿਯਾਹ 6:16)।

ਅਜਿਹੇ ਹਲਾਤਾਂ ਵਿੱਚ ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰਦਾ ਹੈ ਕਿ ਅਸੀਂ ਸੁਸਮਾਚਾਰ ਦਾ ਪ੍ਰਚਾਰ ਕਰੀਏ (2 ਕੁਰਿੰਥੀਆਂ 5:14)। ਸੁਸਮਾਚਾਰ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਅਸੀਂ ਸੰਸਾਰ ਵਿੱਚ ਜਾਣਾ ਹੈ। ਸਾਨੂੰ ਮਜਬੂਤੀ ਅਤੇ ਦਲੇਰੀ ਨਾਲ ਆਪਣੇ ਪਰਿਵਾਰਕ ਮੈਂਬਰਾਂ ਅਤੇ ਗਵਾਂਢੀਆਂ ਨੂੰ ਬਹੁਤ ਛੇਤੀ ਹੋਣ ਜਾ ਰਹੇ ਪ੍ਰਮੇਸ਼ਵਰ ਦੇ ਨਿਆਂ ਬਾਰੇ ਅਤੇ ਪ੍ਰਮੇਸ਼ਵਰ ਦੇ ਅਨੰਤ ਰਾਜ ਬਾਰੇ ਦੱਸਣ ਦੀ ਲੋੜ ਹੈ। ਸਾਨੂੰ ਸੰਸਾਰ ਦੇ ਹਰ ਮਨੁੱਖ ਨੂੰ ਸੰਪੂਰਨ ਸੁਸਮਾਚਾਰ ਸੁਣਾਉਣ ਦੀ ਲੋੜ ਹੈ।

ਅਰਾਮ ਨਾਲ ਚਰਚ ਇਮਾਰਤਾਂ ਅਤੇ ਆਪਣੀ ਕਲੀਸਿਆ ਵਿੱਚ ਰਹਿਣਾ ਬਹੁਤ ਹੋ ਚੁੱਕਾ। ਕੀ ਅਸੀਂ ਉਨ੍ਹਾਂ ਬਹੁਤ ਸਾਰੇ ਲੋਕਾਂ ਬਾਰੇ ਨਹੀਂ ਸੋਚਦੇ ਜੋ ਸੱਚਾਈ ਨੂੰ ਨਹੀਂ ਜਾਣਦੇ ਅਤੇ ਆਪਣੇ ਵਿਨਾਸ਼ ਵੱਲ ਵਧ ਰਹੇ ਹਨ?

ਬਾਹਰ ਆਓ ਅਤੇ ਪ੍ਰਭੂ ਯਿਸੂ ਸੀ ਸਮਰੱਥ ਅਤੇ ਪ੍ਰਭੁੱਤਾ ਬਾਰੇ ਵਰਤਮਾਨ ਸੰਸਾਰ ਨੂੰ ਦੱਸੋ। ਪ੍ਰਮੇਸ਼ਵਰ ਉਸ ਵੈਰੀ ਨਾਲ ਨਜਿੱਠ ਰਿਹਾ ਹੈ ਜਿਹੜਾ ਭਿਆਨਕ ਢੰਗ ਨਾਲ ਉੱਠ ਖਲੋਤਾ ਹੈ। ਇਹ ਅਰਾਮ ਕਰਨ ਦਾ ਵੇਲਾ ਨਹੀ ਹੈ ਪਰੰਤੂ ਛੇਤੀ ਨਾਲ ਕੰਮ ਕਰਨ ਦਾ ਵੇਲਾ ਹੈ। ਸਭ ਢੰਗਾਂ ਨਾਲ– ਹਰ

ਕੀਮਤ ਤੇ- ਹਰ ਤਰਾਂ ਨਾਲ- ਸਭ ਕੋਸ਼ਿਸ਼ਾਂ ਨਾਲ- ਅੱਗੇ ਆ ਕੇ ਕਿਸੇ ਨਾ ਕਿਸੇ ਨੂੰ ਨਾਸ਼ ਹੋਣ ਤੋਂ ਬਚਾਓ।

ਪ੍ਰਮੇਸ਼ਵਰ ਦੇ ਲੋਕੋ, ਤੁਸੀਂ ਜੋ ਉਸਦੀ ਸੇਵਾ ਕਰਨ ਦਾ ਦਰਸ਼ਨ ਪਾਏ ਹੋਏ ਹੋ, ਪਰੰਤੂ ਆਪਣੇ ਚਰਚਾਂ, ਦਫ਼ਤਰਾਂ ਅਤੇ ਸੰਸਾਰ ਵਿੱਚ ਬੰਦ ਹੋ ਕੇ ਬੈਠੇ ਹੋ, ਬਾਹਰ ਨਿਕਲੋ ਅਤੇ ਆਪਣੇ ਸਰੀਰ, ਪ੍ਰਾਣ ਅਤੇ ਆਤਮਾ ਨੂੰ ਪ੍ਰਮੇਸ਼ਵਰ ਦੀ ਸੇਵਾ ਲਈ ਸਮਰਪਿਤ ਕਰੋ।

ਸ਼ਾਡੇ ਸਾਹਮਣੇ ਬਹੁਤ ਵੱਡੀ ਫਸਲ ਹੈ।ਪ੍ਰਮੇਸ਼ਵਰ ਦੀ ਸੇਵਾ ਲਈ ਅੱਗੇ ਵਧਣ ਵਾਲਿਆਂ ਦੀ ਲੋੜ ਹੈ। ਇਸਤੋਂ ਪਹਿਲਾਂ ਕਿ ਤੁਹਾਡਾ ਜੀਵਨ ਸਮਾਪਤ ਹੋ ਜਾਵੇ ਅਤੇ ਮੌਕਾ ਤੁਹਾਡੇ ਹੱਥੋਂ ਨਿਕਲ ਜਾਵੇ, ਉਸਦੇ ਕੰਮ ਲਈ ਅੱਗੇ ਆਓ। ਅੱਜ ਦੀ ਭਖ਼ਦੀ ਹੋਈ ਮੰਗ ਹੈ, ਸੁਸਮਾਚਾਰ ਦਾ ਪ੍ਰਸਾਰ ਕਰੋ!

ਮਸੀਹ ਵਿੱਚ ਤੁਹਾਡਾ ਸੇਵਕ,
ਐੱਸ. ਸੈਮ ਸੇਲਵਾ ਰਾਜ।

---

(ਚਲਦਾ ਸਫਾ 1 ਤੋਂ)

## ਪੱਥਰ ਨੂੰ ਲਾਂਭੇ ਕੌਣ ਕਰੇਗਾ?

ਹਾਲਾਂਕਿ, ਉਹ ਸਭ ਵੀ ਆਪਣੀਆਂ ਪਰੇਸ਼ਾਨੀਆਂ ਵਿੱਚ ਅਤੇ ਭਵਿੱਖ ਦੇ ਭੈਅ ਵਿੱਚ ਸਨ। ਪਰੰਤੂ ਉਹ ਉਸਨੂੰ ਮਿਲਣ ਜਾ ਰਹੀਆਂ ਸਨ ਜਿਸਨੇ ਮੁਰਦਿਆਂ ਨੂੰ ਜਿਲਾਇਆ, ਉਹ ਉਸਨੂੰ ਵੇਖਣ ਜਾ ਰਹੀਆਂ ਸਨ ਜਿਸਨੇ 5 ਰੋਟੀਆਂ ਅਰ 2 ਮੱਛੀਆਂ ਨਾਲ 5000 ਨੂੰ ਖਿਲਾਇਆ; ਪਰੰਤੂ ਉਹ ਆਪਣੀਆਂ ਸਮੱਸਿਆਵਾਂ ਅਤੇ ਯੁੱਧਾਂ ਵਿੱਚ ਵੀ ਉਲਝੀਆਂ ਹੋਈਆਂ ਸਨ। ਉਸ ਸਵੇਰੇ ਉਨ੍ਹਾਂ ਦੀ ਸਮੱਸਿਆ ਕੀ ਸੀ? “ਸਾਡੇ ਲਈ ਪੱਥਰ ਨੂੰ ਲਾਂਭੇ ਕੌਣ ਕਰੇਗਾ?”।

ਕਈ ਵਾਰ ਜਦੋਂ ਸਾਡੇ ਉੱਤੇ ਮੁਸੀਬਤ ਆਉਂਦੀ ਹੈ ਤਾਂ ਅਸੀ ਪ੍ਰਮੇਸ਼ਵਰ ਵੱਲੋਂ ਸਾਡੇ ਜੀਵਨ ਵਿੱਚ ਕੀਤੇ ਸਭ ਚਮਤਕਾਰਾਂ ਨੂੰ ਭੁੱਲ ਜਾਂਦੇ ਹਾਂ ਅਤੇ ਅਸੀਂ ਪ੍ਰਮੇਸ਼ਵਰ ਦੀ ਹੋਂਦ ਉੱਤੇ ਵੀ ਸਵਾਲ ਚੁੱਕਣ ਲੱਗ ਪੈਂਦੇ ਹਾਂ। ਜਦੋਂ ਉਹ ਸਾਡੀ ਦੁਆ ਦਾ ਉੱਤਰ ਨਹੀਂ ਦਿੰਦਾ ਤਾਂ ਅਸੀਨ ਆਖਦੇ ਹਾਂ, ਮੈਨੂੰ ਪਤਾ ਹੈ ਕਿ ਪ੍ਰਮੇਸ਼ਵਰ ਸਮਰੱਥੀ ਹੈ, ਉਹ ਸਭ ਕੁਝ ਕਰ ਸਕਦਾ ਹੈ, ਮੈਨੂੰ ਪਤਾ ਹੈ ਕਿ ਬਹੁਤ ਹੀ ਮਹਾਨ ਹੈ ਪਰੰਤੂ ਮੇਰੀ ਇਹ ਸਥਿਤੀ ਬਹੁਤ ਹੀ ਭਿਆਨਕ ਹੈ। ਇਸਦਾ ਕੋਈ ਹੱਲ ਨਹੀਂ ਹੈ। ਪਰੇਸ਼ਾਨੀ ਦੇ ਇੱਕ ਹਲੂਣੇ ਨਾਲ ਹੀ ਅਸੀਂ ਪ੍ਰਮੇਸ਼ਵਰ ਵੱਲੋਂ ਕੀਤੇ ਸਭ ਮਹਾਨ ਕੰਮਾਂ ਨੂੰ ਭੁੱਲ ਜਾਂਦੇ ਹਾਂ।

### ਇਹ ਪੱਥਰ ਬਹੁਤ ਵਿਸ਼ਾਲ ਸੀ:

ਮਰਕੁਸ 16:4 ਵਿੱਚ ਬਾਈਬਲ ਦੱਸਦੀ ਹੈ, ਪੱਥਰ ਬਹੁਤ ਭਾਰਾ ਸੀ। ਅੱਜ ਤੁਸੀਂ ਵੀ ਇਹ ਆਖਦੇ ਹੋਵੋਗੇ ਕਿ ਮੇਰੀ ਸਮੱਸਿਆ (ਪੱਥਰ) ਕੇਵਲ ਇੱਕ ਸਮੱਸਿਆ ਜਾਂ ਵੱਡੀ ਸਮੱਸਿਆ ਨਹੀਂ ਹੈ ਬਲਕਿ ਇਹ ਬਹੁਤ ਹੀ ਵਿਸ਼ਾਲ ਹੈ। ਮੈਨੂੰ ਕਿਸੇ ਦੀ ਲੋੜ ਹੈ ਜੋ ਮੇਰੀ ਮਦਦ ਕਰੇ। ਕੋਈ ਮੇਰੇ ਲਈ ਇਸਨੂੰ ਲਾਂਭੇ ਕਰੇ; ਪਰੰਤੂ ਇਹ ਕਰੇਗਾ ਕੌਣ?

ਬਿਵਸਥਾ ਸਾਰ 8:15,16 ਆਖਦੀ ਹੈ, “ਉਹ ਨੇ ਤੁਹਾਨੂੰ ਵੱਡੀ ਅਤੇ ਭਿਆਨਕ ਉਜਾੜ ਦੇ ਵਿੱਚ ਦੀ ਲਿਆਂਦਾ ਜਿੱਥੇ ਅਗਨੀ ਸੱਪ ਅਤੇ ਬਿੱਛੂ ਸਨ...ਤਾਂ ਜੋ ਉਹ ਅੰਤ ਵਿੱਚ ਤੁਹਾਡਾ ਭਲਾ ਕਰੇ”।

ਕਈ ਵਾਰ ਪ੍ਰਮੇਸ਼ਵਰ ਸਾਨੂੰ ਹਨੇਰੇ, ਭਿਆਨਕ ਉਜਾੜ ਵਿੱਚੋਂ ਦੀ ਲਿਜਾਂਦਾ ਹੈ ਤਾਂ ਕਿ ਆਉਂਦੇ ਦਿਨਾਂ ਵਿੱਚ ਤੁਹਾਨੂੰ ਅਸੀਸ ਮਿਲੇ। ਤੁਸੀਂ ਸ਼ਾਇਦ ਘਾਤਕ ਬਿੱਛੂਆਂ, ਵੱਡੇ ਸੱਪਾਂ ਨਾਲ ਘਿਰੇ ਹੋਏ ਹੋਵੋਗੇ ਜੋ ਤੁਹਾਨੂੰ ਮਾਰਨ ਲਈ ਅਤੇ ਡਿੱਗਦਾ ਹੋਇਆ ਵੇਖਣ ਲਈ ਤਿਆਰ ਹੋਣਗੇ। ਅਜਿਹੇ ਹਾਲਾਤ ਹੋਣਗੇ ਕਿ ਜੇਕਰ ਤੁਸੀਂ ਕਦਮ ਵੀ ਪੁੱਟਿਆ ਤਾਂ ਤੁਸੀਂ ਪਾੜ ਖਾਧੇ ਜਾਓਗੇ। ਪਰੰਤੂ ਬਾਈਬਲ ਆਖਦੀ ਹੈ, “ਮੈਂ ਤੁਹਾਨੂੰ ਸੱਪਾਂ, ਬਿੱਛੂਆਂ, ਵੱਡੇ ਭਿਆਨਕ ਉਜਾੜ ਵਿੱਚੋਂ ਦੀ ਲਿਜਾ ਰਿਹਾ ਹਾਂ”। ਇਹ ਪ੍ਰਮੇਸ਼ਵਰ ਹੈ ਜੋ ਤੁਹਾਡੀ ਅਗਵਾਈ ਕਰ ਰਿਹਾ ਹੈ। ਦਲੇਰ ਅਤੇ ਨਿਡਰ ਬਣੋ। ਅੰਤਮ ਨਤੀਜਾ ਭਲਾ ਹੀ ਹੋਵੇਗਾ!!!

### ਉਨ੍ਹਾਂ ਉਤਾਹਾਂ ਵੇਖਿਆ!

ਮਰਕੁਸ 16:4 ਆਖਦੀ ਹੈ, “ਜਦੋਂ ਉਨ੍ਹਾਂ ਨਿਗਾਹ ਕੀਤੀ”!! ਜਿਸ ਸਮੱਸਿਆ ਦਾ ਤੁਸੀਂ ਸਾਹਮਣਾ ਕਰ ਰਹੇ ਹੋ ਉਹ ਬਹੁਤ ਵੱਡੀ ਅਤੇ ਤਾਕਤਵਰ ਹੋਵੇਗੀ, ਉਸਨੇ ਤੁਹਾਡੀ ਨੀਂਦ ਅਤੇ ਤੁਹਾਡੇ ਰੋਜ਼ਾਨਾ ਦੇ ਜੀਵਨ ਨੂੰ ਪ੍ਰਭਾਵਿਤ ਕਰ ਦਿੱਤਾ ਹੋਵੇਗਾ ਅਰ ਤੁਹਾਨੂੰ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੌਰ ਤੇ ਵੀ ਤਕਲੀਫ ਪਹੁੰਚਾਈ ਹੋਵੇਗੀ। ਪਰੰਤੂ ਬਾਈਬਲ ਦੱਸਦੀ ਹੈ, ਜਦੋਂ ਉਨ੍ਹਾਂ ਨੇ ਉਤਾਹਾਂ ਵੇਖਿਆ ਤਾਂ ਉਨ੍ਹਾਂ ਨੇ ਪੱਥਰ ਨੂੰ ਲਾਂਭੇ ਹਟਿਆ ਵੇਖਿਆ। ਉਤਾਹਾਂ ਵੇਖਣ ਦਾ ਅਰਥ ਇਹ ਨਹੀਂ ਕਿ ਤੁਸੀਂ ਅੱਖਾਂ ਚੁੱਕ ਕੇ ਉੱਪਰ ਵੇਖੋ ਬਲਕਿ ਇਹ ਕਿ ਤੁਸੀਂ ਆਪਣੇ ਹਾਲਾਤ ਤੋਂ ਅਗਾਂਹ ਵੇਖੋ; ਅਰ ਜਦੋਂ ਉਨ੍ਹਾਂ ਔਰਤਾਂ ਨੇ ਉਹ ਕੀਤਾ ਉਨ੍ਹਾਂ ਦੇ ਜੀਵਨ ਦੇ ਹਲਾਤ ਬਦਲ ਗਏ। ਪਿਆਰੇ ਦੋਸਤੋ, ਜੇਕਰ ਤੁਸੀਂ ਕਿਸੇ ਵੱਡੇ ਪੱਥਰ ਦਾ ਸਾਹਮਣਾ ਕਰ ਰਹੇ ਹੋ ਤਾਂ ਉਤਾਹਾਂ ਵੇਖੋ, ਆਪਣੀ ਸਮੱਸਿਆ ਤੋਂ ਪਾਰ ਵੇਖੋ। ਤੁਸੀਂ ਪੱਥਰ ਨੂੰ ਹਟਿਆ ਹੋਇਆ ਵੇਖੋਗੇ। ਪ੍ਰਮੇਸ਼ਵਰ ਨੂੰ ਆਖੋ ਕਿ ਉਸ ਪੱਥਰ ਦੇ ਪਾਰ ਪਈਆਂ ਬਰਕਤਾਂ ਵੇਖਣ ਵਿੱਚ ਤੁਹਾਡੀ ਮਦਦ ਕਰੇ।ਪ੍ਰਮੇਸ਼ਵਰ ਦ੍ਰਿਸ਼ ਦੇ ਪਿੱਛੋਂ ਕੰਮ ਕਰਦਾ ਹੈ। ਹੋ ਸਕਦਾ ਹੈ ਕਿ ਉਨ੍ਹਾਂ ਦੇ ਸਵੇਰੇ ਜਾਗਣ ਤੋਂ ਪਹਿਲਾਂ ਹੀ ਪ੍ਰਮੇਸ਼ਵਰ ਨੇ ਉਸ ਪੱਥਰ ਨੂੰ ਲਾਂਭੇ ਕਰ ਦਿੱਤਾ ਹੋਵੇ। ਸਾਡਾ ਪ੍ਰਮੇਸ਼ਵਰ ਉਨ੍ਹਾਂ ਲਈ ਕੰਮ ਕਰਦਾ ਹੈ ਜਿਹੜੇ ਉਸਦੀ ਉਡੀਕ ਕਰਦੇ ਹਨ (ਯਸਾਯਾਹ 64:4)। ਉਹ ਸਭ ਚੀਜ਼ਾਂ ਨੂੰ ਸੁੰਦਰ ਬਣਾਉਂਦਾ ਹੈ, ਅਤੇ ਸਮਾਂ ਆਉਣ ਤੇ ਤੁਸੀਂ ਇਸਨੂੰ ਵੇਖੋਗੇ। ਉਦੋਂ ਤੱਕ ਧੀਰਜ ਧਰੋ ਅਤੇ ਫਿਰ ਵੇਖੋ ਕਿ ਉਸਨੇ ਤੁਹਾਡੇ ਲਈ ਕੀ ਰੱਖਿਆ ਹੈ।

### ਮੂਸਾ ਦੀ ਲਾਠੀ ਪ੍ਰਮੇਸ਼ਵਰ ਦੀ ਲਾਠੀ ਬਣ ਗਈ:

ਕੂਚ 4 ਅਧਿਆਏ ਵਿੱਚ ਅਸੀਂ ਵੇਖਦੇ ਹਾਂ ਕਿ ਪ੍ਰਮੇਸ਼ਵਰ ਮੂਸਾ ਨੂੰ ਬਲਦੀ ਝਾੜੀ ਵਿੱਚੋਂ ਬੁਲਾਉਂਦਾ ਹੈ। ਮੂਸਾ ਕੇਵਲ ਬਲਦੀ ਝਾੜੀ ਨੂੰ ਹੀ ਵੇਖ ਰਿਹਾ ਸੀ। ਉਹ ਉਸ ਪ੍ਰਮੇਸ਼ਵਰ ਨੂੰ ਨਹੀਂ ਵੇਖ ਪਾ ਰਿਹਾ ਸੀ ਜੋ ਉਸ ਝਾੜੀ ਦੇ ਮਗਰੋਂ ਉਸਦੇ ਭਵਿੱਖ ਨੂੰ ਤਿਆਰ ਕਰ ਰਿਹਾ ਸੀ! ਪ੍ਰਮੇਸ਼ਵਰ ਕੰਮ ਕਰ ਰਿਹਾ ਸੀ!! ਉਸ ਦ੍ਰਿਸ਼ ਦੇ ਪਿੱਛੇ!!!

ਮੂਸਾ ਨੂੰ ਉਸਦੀ ਬੁਲਾਹਟ ਸਮਝਾਉਣ ਲਈ ਪ੍ਰਮੇਸ਼ਵਰ ਉਸਨੂੰ ਇਹ ਵਿਖਾਉਣਾ ਚਾਹੁੰਦਾ ਸੀ ਕਿ, ਉਹ ਕੌਣ ਹੈ। ਇਸ ਲਈ ਉਸਨੇ ਮੂਸਾ ਨੂੰ ਆਖਿਆ ਕਿ ਉਹ ਉਸਦੀ ਚਰਵਾਹੇ ਵਾਲੀ ਸਧਾਰਨ ਲਾਠੀ ਨੂੰ ਹੇਠਾਂ ਸੁੱਟ ਦੇਵੇ ਅਰ ਉਹ ਸੱਪ ਬਣ ਗਈ।

ਸੱਪ ਨੂੰ ਵੇਖ ਕੇ ਮੂਸਾ ਨੱਸ ਗਿਆ। ਉਹ ਅਜਿਹਾ ਵਿਅਕਤੀ ਸੀ ਜੋ ਚੁਨੌਤੀਆਂ ਦਾ ਸਾਹਮਣਾ ਨਹੀਂ ਕਰ ਸਕਦਾ ਸੀ। ਉਹ ਛੇਤੀ ਹੀ ਨੱਸ ਜਾਣ ਵਾਲਾ ਵਿਅਕਤੀ ਸੀ। ਉਹ ਖਲੋ ਕੇ ਮੁਸ਼ਕਲਾਂ ਦਾ ਸਾਹਮਣਾ ਨਾ ਕਰ ਸਕਣ ਵਾਲਾ ਇਨਸਾਨ ਸੀ। ਆਪਣੀਆਂ ਜਿੰਮੇਵਾਰੀਆਂ ਤੋਂ ਬਚਣ ਲਈ ਉਹ ਬਹਾਨੇ ਬਣਾਉਂਦਾ ਸੀ। ਮੂਸਾ ਅਜਿਹਾ ਹੀ ਮਨੁੱਖ ਸੀ। ਇਹ ਪਹਿਲੀ ਵਾਰ ਨਹੀਂ ਸੀ ਜਦ ਉਸਨੇ ਮਿਸਰੀ ਨੂੰ ਮਾਰਿਆ ਅਰ ਦੌੜ ਗਿਆ, ਉਹ ਕੰਮ ਤੋਂ ਪਿੱਛੇ ਹਟ ਜਾਣ ਵਾਲਾ ਮਨੁੱਖ ਸੀ! ਉਸ ਅੰਦਰ ਮੁਸੀਬਤ ਦਾ ਸਾਹਮਣਾ ਕਰਨ ਅਰ ਉਸ ਨਾਲ ਲੜਨ ਦਾ ਹੌਂਸਲਾ ਨਹੀਂ ਸੀ। ਮਨੁੱਖ ਹੁੰਦੇ ਹੋਏ ਅਸੀਂ ਆਪਣੀਆਂ ਹਾਰਾਂ, ਨਿਰਾਸ਼ਾਵਾਂ ਅਤੇ ਭੈਅ ਦਾ ਸਾਹਮਣਾ ਕਰਨ ਤੋਂ ਘਬਰਾਉਂਦੇ ਹਾਂ ਅਤੇ ਮੂਸਾ ਵਾਂਗ ਨੱਸ ਜਾਂਦੇ ਹਾਂ!! ਪਰੰਤੂ ਯਾਦ ਰੱਖੋ ਸਾਡਾ ਪ੍ਰਮੇਸ਼ਵਰ ਅੱਤ ਸਮਰੱਥੀ ਹੈ। ਉਹ ਉਦੋਂ ਵੀ ਕੰਮ ਕਰਦਾ ਹੈ ਜਦੋਂ ਤੁਸੀਂ ਉਸਨੂੰ ਨਹੀਂ ਵੇਖ ਪਾਉਂਦੇ।

## ਆਪਣਾ ਹੱਥ ਵਧਾਓ!!

ਕੂਚ 4:4, ਯਹੋਵਾਹ ਨੇ ਮੂਸਾ ਨੂੰ ਆਖਿਆ, "ਆਪਣਾ ਹੱਥ ਵਧਾ ਕੇ ਉਸਨੂੰ ਪੂਛੋਂ ਫੜ ਲੈ ਤਾਂ ਉਸਨੇ ਆਪਣਾ ਹੱਥ ਵਧਾ ਕੇ ਉਸਨੂੰ ਫੜ ਲਿਆ ਅਤੇ ਉਹਦੇ ਹੱਥ ਵਿੱਚ ਢਾਂਗਾ ਬਣ ਗਿਆ"।

ਸੱਪ, ਸੱਪ ਹੀ ਰਹੇਗਾ। ਪਰੰਤੂ ਤੁਹਾਨੂੰ ਝੁਕ ਕੇ ਉਸਦੇ ਨੇੜੇ ਜਾ ਕੇ ਆਪਣੇ ਹੱਥ ਨਾਲ ਉਸਨੂੰ ਫੜਨਾ ਹੈ, ਤਦ ਤੁਸੀਂ ਚਮਤਕਾਰ ਨੂੰ ਵੇਖੋਗੇ। ਉਹ ਤੁਹਾਨੂੰ ਨੁਕਸਾਨ ਪੁਚਾਉਣ ਵਾਲਾ ਸੱਪ ਹੀ ਰਹੇਗਾ ਪਰੰਤੂ ਜੇਕਰ ਤੁਸੀਂ ਪ੍ਰਮੇਸ਼ਵਰ ਦੀ ਸਮਰੱਥ ਨਾਲ ਉਸਨੂੰ ਛੂਹੋਗੇ ਤਾਂ ਉਹ ਤੁਹਾਡੇ ਹੱਥ ਵਿੱਚ ਇੱਕ ਲਾਠੀ ਬਣ ਜਾਵੇਗਾ।

ਲਾਠੀ ਉਜਾੜ ਵਿੱਚ ਭੇਡਾਂ ਦੀ ਰਾਖੀ ਕਰਨ ਲਈ ਵਰਤੀ ਜਾਂਦੀ ਸੀ। ਪਰੰਤੂ ਪ੍ਰਮੇਸ਼ਵਰ ਨਾਲ ਮੁਲਾਕਾਤ ਹੋਣ ਤੋਂ ਬਾਦ ਉਹੀ ਲਾਠੀ ਸਮਰੱਥੀ, ਚਮਤਕਾਰ ਕਰਨ ਵਾਲੀ ਅਤੇ ਕਈਆਂ ਦੇ ਜੀਵਨਾਂ ਨੂੰ ਬਦਲਣ ਵਾਲੀ ਬਣ ਗਈ। "ਹੱਥ ਵਧਾਓ", ਪ੍ਰਮੇਸ਼ਵਰ ਤੁਹਾਨੂੰ ਹੱਥ ਵਧਾਉਣ ਲਈ ਕਹਿ ਰਿਹਾ ਹੈ। ਜਿਹੜੀ ਚੀਜ਼ ਤੁਹਾਨੂੰ ਡਰਾ ਰਹੀ ਹੈ, ਪਰੇਸ਼ਾਨ ਕਰ ਰਹੀ ਹੈ; ਉਹ ਸਮਰੱਥੀ ਬਣ ਜਾਵੇਗੀ ਅਰ ਕੇਵਲ ਤੁਹਾਡੇ ਲਈ ਹੀ ਨਹੀਂ ਸਗੋਂ ਕਈ ਹੋਰਾਂ ਲਈ ਵੀ ਬਰਕਤ ਦਾ ਵਸੀਲਾ ਬਣ ਜਾਵੇਗੀ। ਹੁਣ ਉਹ ਅਯਾਲੀ ਦੀ ਨਹੀਂ ਬਲਕਿ ਪ੍ਰਮੇਸ਼ਵਰ ਦੀ ਲਾਠੀ ਬਣ ਗਈ ਸੀ। ਹੁਣ ਉਹ ਪ੍ਰਮੇਸ਼ਵਰ ਦਾ ਔਜ਼ਾਰ ਬਣ ਚੁੱਕੀ ਸੀ।

ਉਸ ਚੀਜ਼ ਬਾਰੇ ਸੋਚੋ ਜੋ ਤੁਹਾਨੂੰ ਭੈਭੀਤ ਕਰ ਰਹੀ ਹੈ; ਜਿਹੜੀ ਇੱਕ ਵੱਡੇ ਪੱਥਰ ਵਾਂਗ ਤੁਹਾਡੇ ਰਾਹ ਵਿੱਚ ਖਲੋਤੀ ਹੈ; ਜਿਹੜਾ ਪੱਥਰ ਤੁਹਾਨੂੰ ਰੋਕਣ ਵਾਲਾ ਪੱਥਰ ਜਾਪਦਾ ਹੈ ਉਹੀ ਤੁਹਾਡੇ ਲਈ ਮੀਲ ਦਾ ਪੱਥਰ ਬਣ ਜਾਵੇਗਾ। ਵਾਪਿਸ ਮੁੜੋ ਅਰ ਪ੍ਰਮੇਸ਼ਵਰ ਦੀ ਸਮਰੱਥ ਵੱਲ ਮੁੱਖ ਕਰੋ ਜਿਹੜੀ ਤੁਹਾਡੇ ਪਿੱਛੇ ਆ ਰਹੀ ਹੈ, ਤੁਸੀਂ ਹੈਰਾਨ ਹੋ ਜਾਓਗੇ ਕਿ ਪ੍ਰਮੇਸ਼ਵਰ ਕੀ ਕੁਝ ਸਕਦਾ ਹੈ। ਮੂਸਾ ਦੀ ਲਾਠੀ ਪ੍ਰਮੇਸ਼ਵਰ ਦੀ ਲਾਠੀ ਬਣ ਗਈ, ਜਦੋਂ ਉਸਨੇ ਸਿਰ ਉਠਾ ਕੇ ਆਪਣੇ ਭੈਅ ਦਾ ਸਾਹਮਣਾ ਕੀਤਾ।

ਪਿਆਰੇ ਦੋਸਤੋ, ਤੁਸੀਂ ਕੇਵਲ ਪੱਥਰ ਨੂੰ ਹੀ ਵੇਖ ਰਹੇ ਹੋ! ਪਰੰਤੂ ਚੇਤੇ ਰੱਖੋ ਪ੍ਰਮੇਸ਼ਵਰ ਦ੍ਰਿਸ਼ ਦੇ ਪਿੱਛੇ ਕੰਮ ਕਰ ਰਿਹਾ ਹੈ। ਉਹ ਔਰਤਾਂ ਪੱਥਰ ਕਰਕੇ ਚਿੰਤਤ ਸਨ...ਕੌਣ ਮਦਦ ਕਰੇਗਾ। ਪਰੰਤੂ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਪ੍ਰਮੇਸ਼ਵਰ ਨੇ ਚਮਤਕਾਰ ਕਰਕੇ ਪੱਥਰ ਨੂੰ ਹਟਾ ਦਿੱਤਾ ਸੀ। ਯਾਦ ਰੱਖੋ ਕਿ ਉਹ ਆਪਣੇ ਸਮੇਂ ਵਿੱਚ ਸਭ ਚੀਜ਼ਾਂ ਨੂੰ ਭਲੀਆਂ ਹੀ ਬਣਾਵੇਗਾ। ਉਹ ਤੁਹਾਡੇ ਲਈ ਪੱਥਰ ਨੂੰ ਹਟਾਵੇਗਾ! ਪਰੰਤੂ ਉਹ ਆਪਣੇ ਤਰੀਕੇ ਨਾਲ ਅਰ ਆਪਣੇ ਸਮੇਂ ਵਿੱਚ ਇਹ ਕਰੇਗਾ।

ਇਵੇਂ ਪਹਿਲਾ ਈਸਟਰ ਉਮੀਦ ਦੀ ਇੱਕ ਕਹਾਣੀ ਬਣ ਗਿਆ। ਈਸਟਰ ਸਾਨੂੰ ਚੇਤੇ ਕਰਾਉਂਦਾ ਹੈ:

ਭਾਵੇਂ ਮੈਨੂੰ ਵਿਖਾਈ ਨਾ ਦੇਵੇ, ਤੂੰ ਕੰਮ ਕਰ ਰਿਹਾ ਹੈਂ<br>
ਭਾਵੇਂ ਮੈਨੂੰ ਮਹਿਸੂਸ ਨਾ ਹੋਵੇ, ਤੂੰ ਕੰਮ ਕਰ ਰਿਹਾ ਹੈਂ<br>
ਤੂੰ ਕਦੇ ਨਹੀਂ ਰੁਕਦਾ, ਤੂੰ ਕੰਮ ਕਰਨੋਂ ਕਦੇ ਨਹੀਂ ਰੁਕਦਾ<br>
ਤੂੰ ਕਦੇ ਨਹੀਂ ਰੁਕਦਾ, ਤੂੰ ਕੰਮ ਕਰਨੋਂ ਕਦੇ ਨਹੀਂ ਰੁਕਦਾ

(ਵੇਅ ਮੇਕਰ-ਓਸੀਨਾਚੀ ਜੋਜ਼ਫ਼)

# ਜੀਵਨ ਦੀ ਨਦੀ!

"...ਉਹ ਅਜਿਹੀ ਨਦੀ ਸੀ ਕਿ ਮੈਂ ਉਸਨੂੰ ਪਾਰ ਨਹੀਂ ਕਰ ਸਕਦਾ ਸੀ ਕਿਉਂ ਜੋ ਪਾਣੀ ਚੜ੍ਹ ਕੇ ਤਰਨ ਵਾਲਾ ਹੋ ਗਿਆ ਸੀ ਅਤੇ ਅਜਿਹੀ ਨਦੀ ਬਣ ਗਈ ਜਿਸਨੂੰ ਪਾਰ ਕਰਨਾ ਅਸੰਭਵ ਸੀ" (ਹਿਜ਼ਕੀਏਲ 47:5)

## ਪਾਸਟਰ ਡੇਵਿਡ ਵਿਲਕਰਸਨ

ਹਿਜ਼ਕੀਯਾਹ ਨਬੀ ਨੂੰ ਇੱਕ ਅਦਭੁੱਤ ਦਰਸ਼ਨ ਮਿਲਿਆ। ਪ੍ਰਮੇਸ਼ਵਰ ਦਾ ਹੱਥ ਹਿਜ਼ਕੀਯਾਹ ਨੂੰ ਇੱਕ ਉੱਚੇ ਪਹਾੜ ਉੱਤੇ ਲੈ ਗਿਆ, ਜਿੱਥੇ ਇੱਕ ਮਨੁੱਖ ਉਸਨੂੰ ਵਿਖਾਲੀ ਦਿੱਤਾ ਜਿਸਦਾ ਰੂਪ ਪਿੱਤਲ ਵਰਗਾ ਸੀ (ਹਿਜ਼ਕੀਏਲ 40:3)। ਯੂਹੰਨਾ ਵੀ ਇੱਕ ਅਜਿਹੇ ਹੀ ਮਨੁੱਖ ਦੇ ਦਰਸ਼ਨ ਬਾਰੇ ਦੱਸਦਾ ਹੈ ਜੋ ਉਸਨੂੰ ਪਾਤਮੁਸ ਟਾਪੂ ਵਿੱਚ ਮਿਲਿਆ: ਜਿਸਦੇ ਪੈਰ ਭੱਠੀ ਵਿੱਚ ਤਾਏ ਹੋਏ ਸ਼ੁੱਧ ਤਾਂਬੇ ਵਰਗੇ ਸਨ (ਪ੍ਰਕਾਸ਼ ਦੀ ਪੋਥੀ 1:15)।

ਦੋਹਾਂ ਥਾਵਾਂ ਤੇ ਵਿਖਾਲੀ ਦਿੱਤਾ ਮਨੁੱਖ ਪ੍ਰਭੂ ਯਿਸੂ ਮਸੀਹ ਹੈ। ਉਹ ਹਿਜ਼ਕੀਏਲ ਨੂੰ ਪ੍ਰਮੇਸ਼ਵਰ ਦੇ ਭਵਨ ਦੇ ਬੂਹੇ ਅੱਗੇ ਲੈ ਗਿਆ ਜਿੱਥੇ ਉਸਨੇ ਨਬੀ ਨੂੰ ਅਦਭੁੱਤ ਦਰਸ਼ਨ ਵਿਖਾਇਆ। ਇਹ ਪ੍ਰਮੇਸ਼ਵਰ ਦੇ ਲੋਕਾਂ ਦੇ ਭਵਿੱਖ ਬਾਰੇ ਸੀ ਕਿ ਜਦੋਂ ਆਖਰੀ ਸਮਾਂ ਆਵੇਗਾ ਤਾਂ ਮਸੀਹ ਦੀ ਦੇਹ ਕਿਸ ਪ੍ਰਕਾਰ ਦੀ ਹੋਵੇਗੀ।

"ਫੇਰ ਉਹ ਮੈਨੂੰ ਭਵਨ ਦੇ ਦਰਵਾਜੇ ਤੇ ਮੋੜ ਲਿਆਇਆ ਅਤੇ ਵੇਖੋ ਹੈਕਲ ਦੀ ਸਰਦਲ ਦੇ ਹੇਠੋਂ ਪਾਣੀ ਪੂਰਬ ਵੱਲ ਵਗ ਰਿਹਾ ਸੀ ਕਿਉਂ ਭਵਨ ਦਾ ਮੂੰਹ ਪੂਰਬ ਵੱਲ ਸੀ ਅਤੇ ਪਾਣੀ ਭਵਨ ਦੇ ਸੱਜੇ ਪਾਸੇ ਦੇ ਹੇਠਾਂ ਤੋਂ ਜਗਵੇਦੀ ਦੇ ਦੱਖਣ ਵੱਲੋਂ ਵਗ ਕੇ ਜਾਂਦਾ

(ਚਲਦਾ ਸਫਾ 6-)

GREAT COMMISSION PARTNERS -ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)

ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

ਪ੍ਰਾਰਥਨਾ ਅਤੇ ਵਡਿਆਈ ਦੇ ਮੁੱਦੇ

## 19 ਅਪ੍ਰੈਲ 2020 ਤੋਂ 18 ਮਈ 2020 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!

### ਵਡਿਆਈ ਦੇ ਮੁੱਦੇ

19 ਅਪ੍ਰੈਲ: ਪ੍ਰਮੇਸ਼ਵਰ ਨੇ 16 ਮਾਰਚ 2020 ਨੂੰ ਹੋਈ ਸਾਡੇ ਪੁਰਾਣੇ ਵਿਦਿਆਰਥੀਆਂ ਦੀ ਸਭਾ ਨੂੰ ਬਰਕਤ ਦਿੱਤੀ।

20 ਅਪ੍ਰੈਲ: ਪ੍ਰਮੇਸ਼ਵਰ ਨੇ ਆਪਣੀ ਦਯਾ ਨਾਲ ਸਾਡੀ ਅਪਹੁੰਚ ਖੇਤਰਾਂ ਤੱਕ ਸੁਸਮਾਚਾਰ ਲਿਜਾਣ ਵਿੱਚ ਮਦਦ ਕੀਤੀ।

21 ਅਪ੍ਰੈਲ: ਸਾਡੀਆਂ ਸੇਵਕਾਈਆਂ ਵਿੱਚ ਸਮੁੱਚੇ ਸਮਰਪਿਤ ਸਟਾਫ ਲਈ ਪ੍ਰਮੇਸ਼ਵਰ ਦਾ ਧੰਨਵਾਦ ਹੋਵੇ।

22 ਅਪ੍ਰੈਲ: ਸਾਡੇ ਮਿਸ਼ਨ ਖੇਤਰ ਦੇ ਕਾਮਿਆਂ ਵੱਲੋਂ ਸਾਨੂੰ ਚੰਗੀਆਂ ਰਿਪੋਟਾਂ ਮਿਲੀਆਂ ਹਨ।

23 ਅਪ੍ਰੈਲ: ਹਰ ਐਤਵਾਰ ਸਾਡੇ ਮੁੱਖ ਚਰਚ ਵਿੱਚ 5 ਭਾਸ਼ਾਵਾਂ ਵਿੱਚ ਹੁੰਦੀਆਂ 7 ਸਭਾਵਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਹੋਵੇ।

24 ਅਪ੍ਰੈਲ: ਅਸੀਂ ਸਾਡੇ ਸਭ ਸਹਾਇਕ ਸੰਪਾਦਕਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

25 ਅਪ੍ਰੈਲ: ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਛਪੇ ਸੁਸਮਾਚਾਰ ਲਿਟ੍ਰੇਚਰ ਨੂੰ ਬਰਕਤ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

26 ਅਪ੍ਰੈਲ: ਸਾਡਾ ਪ੍ਰਭੂ ਸਾਡੀ ਹਸਪਤਾਲ ਸੇਵਕਾਈ ਵਿੱਚ ਚਮਤਕਾਰਾਂ ਨੂੰ ਕਰ ਰਿਹਾ ਹੈ।

27 ਅਪ੍ਰੈਲ: ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਸਭ ਸਹਾਇਕਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

28 ਅਪ੍ਰੈਲ: ਪ੍ਰਮੇਸ਼ਵਰ ਨੇ ਸਾਡੀ ਬੱਚਿਆਂ ਦੀ ਸੇਵਕਾਈ ਵਿੱਚ ਹੋਰ ਬੱਚੇ ਜੋੜ ਕੇ ਸਾਨੂੰ ਬਰਕਤ ਦਿੱਤੀ ਹੈ।

29 ਅਪ੍ਰੈਲ: ਪ੍ਰਮੇਸ਼ਵਰ ਨੇ ਸਾਡੇ ਚਰਚਾਂ ਵਿਚ ਨਵੀਆਂ ਰੂਹਾਂ ਨੂੰ ਦਿੱਤਾ ਹੈ।

30 ਅਪ੍ਰੈਲ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

01 ਮਈ: ਪ੍ਰਮੇਸ਼ਵਰ ਨੇ ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਪਿਛਲੇ ਮਹੀਨੇ ਦੀਆਂ ਸਭ ਗਤੀਵਿਧੀਆਂ ਨੂੰ ਅਸੀਸ ਦਿੱਤੀ।

02 ਮਈ: ਪ੍ਰਮੇਸ਼ਵਰ ਸਾਡੇ ਮਿਸ਼ਨ ਖੇਤਰ ਵਿੱਚ ਨਵੇਂ ਕਾਮਿਆਂ ਨੂੰ ਲੈ ਕੇ ਆਇਆ।

03 ਮਈ: ਪ੍ਰਭੂ ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਅਤੇ ਉਸਦੇ ਸਟਾਫ ਨੂੰ ਅਸੀਸ ਦਿੱਤੀ ਹੈ।

### ਪ੍ਰਾਰਥਨਾ ਦੇ ਮੁੱਦੇ

04 ਮਈ: ਪ੍ਰਮੇਸ਼ਵਰ ਇਸ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਆਰਥਿਕ ਲੋੜਾਂ ਨੂੰ ਪੂਰਾ ਕਰੇ।

05 ਮਈ: ਪ੍ਰਮੇਸ਼ਵਰ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਲਈ ਸਾਲ 2020-2021 ਵਿੱਚ ਨਵੇਂ ਵਿਦਿਆਰਥੀ ਦੇਵੇ।

06 ਮਈ: ਅਸੀਂ ਭਾਰਤ ਅਤੇ ਸਮੁੱਚੇ ਸੰਸਾਰ ਵਿੱਚ ਰਾਜਨੀਤਕ ਸ਼ਾਂਤੀ ਦੀ ਕਾਮਨਾ ਕਰਦੇ ਹਾਂ।

07 ਮਈ: ਸਭ ਦੇਸ਼ਾਂ ਦੇ ਸੀਮਾਵਰਤੀ ਇਲਾਕਿਆਂ ਵਿੱਚ ਸ਼ਾਂਤੀ ਲਈ ਪ੍ਰਾਰਥਨਾ ਕਰੀਏ।

08 ਮਈ: ਪ੍ਰਮੇਸ਼ਵਰ ਸੰਸਾਰ ਦੇ ਸਭ ਮਿਸ਼ਨਰੀਆਂ ਨੂੰ ਸੁਰੱਖਿਅਤ ਰੱਖੇ।

09 ਮਈ: ਪ੍ਰਮੇਸ਼ਵਰ ਸਾਡੇ ਸਹਾਇਕ ਸੰਪਾਦਕ ਬ੍ਰ. ਐੱਮ. ਪੌਲਰਾਜ ਵੱਲੋਂ ਅੰਗ੍ਰੇਜ਼ੀ ਵਿੱਚ ਲਿਖੀ ਕਿਤਾਬ "ਕਿੰਗਡਮ ਆੱਫ ਗੌਡ" ਨੂੰ ਛੇਤੀ ਪ੍ਰਕਾਸ਼ਿਤ ਕਰਨ ਵਿੱਚ ਸਾਡੀ ਮਦਦ ਕਰੇ।

10 ਮਈ: ਅਸੀਂ ਸਾਡੀ ਅਫ਼ਰੀਕਨ ਸਹਾਇਕ ਸੰਪਾਦਕ ਸਿਸ. ਮੈਰਿਟਜ਼ੀ ਨੈਲਸਨ ਦੀ ਚੰਗੀ ਸੇਹਤ ਲਈ ਦੁਆ ਕਰੀਏ।

11 ਮਈ: ਅਸੀਂ ਸਾਡੇ ਮੁੱਖ ਚਰਚ ਅਤੇ ਬ੍ਰਾਂਚ ਚਰਚਾਂ ਦੇ ਸਭ ਬਜ਼ੁਰਗ ਮੈਂਬਰਾਂ ਲਈ ਪ੍ਰਾਰਥਨਾ ਕਰੀਏ।

12 ਮਈ: ਅਸੀਂ ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਤੇ ਮਹਾਂ-ਆਦੇਸ਼ ਸਹਿਭਾਗੀਆਂ ਲਈ ਪ੍ਰਾਰਥਨਾ ਕਰੀਏ।

13 ਮਈ: ਪ੍ਰਮੇਸ਼ਵਰ ਸਮੁੱਚੇ ਸੰਸਾਰ ਵਿੱਚ ਬੇਦਾਰੀ ਨੂੰ ਭੇਜੇ।

14 ਮਈ: ਪ੍ਰਮੇਸ਼ਵਰ ਸਾਡੇ ਨਹਮਯਾਹ ਬਾਈਬਲ ਕਾਲਜਾਂ ਲਈ ਸਾਲ 2020-2021 ਵਿੱਚ ਸਮਰਪਿਤ ਵਿਦਿਆਰਥੀ ਦੇਵੇ।

15 ਮਈ: ਸਾਡੇ ਨਹਮਯਾਹ ਬਾਈਬਲ ਕਾਲਜਾਂ ਦੀ 13 ਜੂਨ, 2020 ਨੂੰ ਹੋਣ ਵਾਲੀ ਗ੍ਰੈਜੁਏਸ਼ਨ ਸਭਾ ਲਈ ਪ੍ਰਾਰਥਨਾ ਕਰੀਏ।

16 ਮਈ: ਅਸੀਂ ਸਭ ਬਿਰਧ ਆਸ਼ਰਮਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਪ੍ਰਾਰਥਨਾ ਕਰੀਏ।

17 ਮਈ: ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਬਹੁਭਾਂਤੀ ਗਤੀਵਿਧੀਆਂ ਲਈ ਪ੍ਰਾਰਥਨਾ ਕਰੀਏ।

18 ਮਈ: ਅਸੀਂ ਅਪਹੁੰਚ ਇਲਾਕਿਆਂ ਵਿੱਚ ਸੁਸਮਾਚਾਰ ਪ੍ਰਚਾਰ ਕਰ ਰਹੇ ਸਭ ਸੇਵਕਾਂ ਲਈ ਦੁਆ ਕਰੀਏ।

(ਸਫਾ 4 ਤੋਂ ਚਲਦਾ-)

ਸੀ...

ਫਿਰ ਜਦੋਂ ਉਹ ਮਨੁੱਖ ਹੱਥ ਵਿੱਚ ਫੀਤਾ ਲੈ ਕੇ ਪੂਰਬ ਵੱਲ ਗਿਆ ਤਾਂ ਉਸਨੇ ਹਜ਼ਾਰ ਹੱਥ ਮਿਣਿਆ ਅਤੇ ਮੈਨੂੰ ਪਾਣੀ ਵਿੱਚੋਂ ਲੰਘਾਇਆ ਅਤੇ ਪਾਣੀ ਗਿੱਟਿਆਂ ਤੱਕ ਸੀ। ਫਿਰ ਉਸਨੇ ਹਜ਼ਾਰ ਹੱਥ ਮਿਣਿਆ ਅਤੇ ਮੈਨੂੰ ਪਾਣੀ ਵਿੱਚੋਂ ਲੰਘਾਇਆ ਅਤੇ ਪਾਣੀ ਗੋਡਿਆਂ ਤੱਕ ਸੀ। ਫਿਰ ਉਸਨੇ ਇੱਕ ਹਜ਼ਾਰ ਹੋਰ ਮਿਣਿਆਂ ਅਤੇ ਮੈਨੂੰ ਪਾਣੀ ਵਿੱਚੋਂ ਲੰਘਾਇਆ ਅਰ ਪਾਣੀ ਲੱਕ ਤੀਕ ਸੀ...

ਨਦੀ ਦੇ ਨੇੜੇ ਉਹ ਦੇ ਦੋਨਾਂ ਕੰਢਿਆਂ ਤੇ ਹਰ ਪ੍ਰਕਾਰ ਦੇ ਮੇਵੇ ਵਾਲੇ ਰੁੱਖ ਉੱਗਣਗੇ ਜਿਨ੍ਹਾਂ ਦੇ ਪੱਤੇ ਕਦੇ ਨਾ ਸੁੱਕਣਗੇ ਅਤੇ ਜਿਨ੍ਹਾਂ ਦੇ ਮੇਵੇ ਕਦੇ ਨਾ ਮੁੱਕਣਗੇ। ਉਨ੍ਹਾਂ ਨੂੰ ਹਰ ਮਹੀਨੇ ਨਵੇਂ ਨਵੇਂ ਮੇਵੇ ਲੱਗਣਗੇ ਕਿਉਂ ਜੋ ਉਨ੍ਹਾਂ ਉਹ ਪਾਣੀ ਲਗਦਾ ਹੈ ਜਿਹੜਾ ਪਵਿੱਤਰ ਸਥਾਨ ਵਿੱਚੋਂ ਨਿਕਲਦਾ ਹੈ ਅਤੇ ਉਨ੍ਹਾਂ ਦੇ ਮੇਵੇ ਖਾਣ ਲਈ ਅਤੇ ਪੱਤੇ ਦਵਾਈ ਦੇ ਕੰਮ ਆਉਣਗੇ" (ਹਿਜ਼ਕੀਏਲ 41:1, 3-6, 12)।

ਬਾਈਬਲ ਵਿੱਚ ਪਾਣੀ ਨੂੰ ਅਕਸਰ ਪ੍ਰਮੇਸ਼ਵਰ ਦੇ ਆਤਮਾ ਨਾਲ ਜੋੜਿਆ ਜਾਂਦਾ ਹੈ।ਇਹ ਦਰਸ਼ਨ ਸਪੱਸ਼ਟ ਤੌਰ ਨਾਲ ਆਖਰੀ ਦਿਨਾਂ ਵਿੱਚ ਪਵਿੱਤਰ ਆਤਮਾ ਦੇ ਵਹਾਏ ਜਾਣ ਬਾਰੇ ਗੱਲ ਕਰਦਾ ਹੈ। ਦਰਸ਼ਨ ਬਹੁਤ ਸਮਰੱਥੀ ਅਤੇ ਉਤਸਾਹ ਦੇਣ ਵਾਲਾ ਸੀ, ਹਿਜ਼ਕੀਏਲ ਉਸਨੂੰ ਸਮਝ ਨਾ ਸਕਿਆ। ਉਹ ਇਸਦੇ ਅਰਥ ਬਾਰੇ ਵੀ ਕੁਝ ਬੋਲ ਨਾ ਸਕਿਆ, ਉਹ ਕੇਵਲ ਇਨਾਂ ਹੀ ਕਰ ਸਕਿਆ ਕਿ ਦਰਸ਼ਨ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਇਹ ਪੁੱਛਣ ਲੱਗਾ, ਇਹ ਕੀ ਹੈ? ਪਰੰਤੂ ਪ੍ਰਮੇਸ਼ਵਰ ਨੇ ਉਸਨੂੰ ਰੋਕ ਕੇ ਪੁੱਛਿਆ, ਹਿਜ਼ਕੀਏਲ, "ਕੀ ਤੂੰ ਇਸਨੂੰ ਵੇਖ ਲਿਆ?" (ਹਿਜ਼ਕੀਏਲ 47:6)।

ਦਰਸ਼ਨ ਨੇ ਹਿਜ਼ਕੀਏਲ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਸ਼ਾਇਦ ਉਸਨੂੰ ਇਹ ਦਰਸ਼ਨ ਸਮਝ ਵੀ ਨਹੀਂ ਆਇਆ। ਪੁਰਾਣੇ ਨੇਮ ਦੇ ਸਭ ਨਬੀਆਂ ਨੂੰ ਮਸੀਹ ਦਾ ਥੋੜਾ ਥੋੜਾ ਦਰਸ਼ਨ ਹੀ ਮਿਲਿਆ।

## ਪਵਿੱਤਰ ਆਤਮਾ ਦਾ ਵਹਾਇਆ ਜਾਣਾ

"ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ, ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ" (ਯੂਹੰਨਾ 7:38)।

ਹਿਜ਼ਕੀਏਲ ਨੂੰ ਵਿਖਾਇਆ ਗਿਆ ਕਿ ਅੰਤ ਦੇ ਦਿਨਾਂ ਵਿੱਚ ਯਿਸੂ ਮਸੀਹ ਦੀ ਕਲੀਸਿਆ ਬੀਤੇ ਸਭ ਸਮਿਆਂ ਤੋਂ ਵਧੇਰੇ ਜਲਾਲੀ ਅਤੇ ਜੇਤੂ ਹੋਵੇਗੀ। ਕਲੀਸਿਆ ਅੱਗ ਦੀ ਲਾਟ ਜਿਹੀ ਸਮਰੱਥੀ ਅਰ ਜਲਾਲੀ ਹੋਵੇਗੀ। ਉਹ ਹਰ ਕਿਸੇ ਤੋਂ ਵਧੀਕ ਯਿਸੂ ਮਸੀਹ ਦੇ ਪ੍ਰਕਾਸ਼ਨ ਨੂੰ ਪ੍ਰਾਪਤ ਕਰੇਗੀ।

ਅੱਜ ਕਲੀਸਿਆ ਨੂੰ ਪਹਿਲੀ ਸਦੀ ਦੀ ਕਲੀਸਿਆ ਅਤੇ ਅਰੰਭਕ ਰਸੂਲਾਂ ਨੂੰ ਵੇਖਣ ਦੀ ਲੋੜ ਹੈ। ਪਵਿੱਤਰ ਆਤਮਾ ਦੇ ਵਹਾਅ ਇਨਾਂ ਜ਼ੋਰਦਾਰ ਸੀ ਕਿ ਕਮਰੇ ਵਿੱਚ ਮੌਜੂਦ ਸਭ ਲੋਕ ਉਸ ਨਾਲ ਭਰ ਗਏ। "ਅਸਮਾਨ ਤੋਂ ਵੱਡੀ ਹਨੇਰੀ ਦੀ ਅਵਾਜ਼ ਆਈ ਅਤੇ ਉਸਨੇ ਉਸ ਸਾਰੇ ਘਰ ਨੂੰ ਭਰ ਦਿੱਤਾ ਜਿੱਥੇ ਉਹ ਹਾਜਰ ਸਨ। ਤਦ ਉਨ੍ਹਾਂ ਨੂੰ ਅੱਗ ਦੀਆਂ ਲਾਟਾਂ ਜਿਹੀਆਂ ਜੀਭਾਂ ਵਿਖਾਲੀ ਦਿੱਤੀਆਂ ਜਿਹੜੀਆਂ ਉਨ੍ਹਾਂ ਸਭਨਾਂ ਉੱਤੇ ਠਹਿਰ ਗਈਆਂ। ਤਾਂ ਉਹ ਸੱਭੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗੇ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ" (ਰਸੂਲਾਂ ਦੇ ਕਰਤੱਬ 2:2-4)। ਪਵਿੱਤਰ ਆਤਮਾ ਦਾ ਇਹ ਵਹਾਇਆ ਜਾਣਾ ਯੋਏਲ 2:28, 29 ਦੇ ਵਾਅਦੇ ਦੀ ਪੂਰਤੀ ਸੀ। ਘਰ ਵਿੱਚ ਮੌਜੂਦ ਸਾਰੇ 120 ਲੋਕ ਅਲੱਗ ਅਲੱਗ ਬੋਲੀਆਂ ਬੋਲਣ ਲੱਗ ਪਏ ਅਤੇ ਉਨ੍ਹਾਂ ਦੇ ਆਸ ਪਾਸ ਦੇ ਸਭ ਲੋਕ ਬਹੁਤ ਅਚੰਭਤ ਹੋਏ। ਰਸੂਲ ਪਵਿੱਤਰ ਆਤਮਾ ਦੀ ਸਮਰੱਥ ਨਾਲ ਭਰਪੂਰ ਸਨ ਅਰ ਲੋਕਾਂ ਸਾਹਮਣੇ ਬਹੁਤ ਸਾਰੇ ਚਮਤਕਾਰ ਵਿਖਾਲਦੇ ਸਨ। ਉਨ੍ਹਾਂ ਨੇ ਭਰਪੂਰੀ ਨਾਲ ਪਵਿੱਤਰ ਆਤਮਾ ਦੀ ਸਮਰੱਥ ਦਾ ਅਨੁਭਵ ਕੀਤਾ।

ਇਹੀ ਗੱਲ ਪ੍ਰਮੇਸ਼ਵਰ ਸਾਨੂੰ ਹਿਜ਼ਕੀਏਲ ਦੇ ਵਗਦੇ ਪਾਣੀ ਦੇ ਦਰਸ਼ਨ ਵਿੱਚ ਵਿਖਾ ਰਿਹਾ ਹੈ (ਹਿਜ਼ਕੀਏਲ 47:1,2)। ਵਧਦਾ ਹੋਇਆ ਪਾਣੀ ਪੰਤੇਕੁਸਤ ਦਾ ਹੀ ਚਿੱਤਰ ਹੈ, ਜਦੋਂ ਪਵਿੱਤਰ ਆਤਮਾ ਚੇਲਿਆਂ ਨੂੰ ਮਿਲਿਆ। ਜੀਵਨ ਜਲ ਦੀ ਇਸ ਨਦੀ ਦੇ ਕੰਢੇ ਪਵਿੱਤਰ ਆਤਮਾ ਅਤੇ ਪੰਤੇਕੁਸਤ ਪ੍ਰਮੇਸ਼ਵਰ ਦੀ ਭਰਪੂਰੀ ਨੂੰ ਵਿਖਾਉਂਦੇ ਹਨ ਅਤੇ ਇਹ ਪਵਿੱਤਰ ਆਤਮਾ ਦਾ ਇੱਕ ਸਮਰੱਥੀ ਅਨੁਭਵ ਸੀ। ਜਦੋਂ ਨਬੀ ਨਦੀ ਵਿੱਚ ਜਾਂਦਾ ਹੈ ਤਾਂ ਪਾਣੀ ਡੂੰਘਾ ਹੁੰਦਾ ਜਾਂਦਾ ਹੈ ਅਤੇ ਫਿਰ ਤੈਰਨ ਲਾਇਕ ਹੋ ਜਾਂਦਾ ਹੈ।

ਅਰੰਭਕ ਕਲੀਸਿਆ ਦੀਆਂ ਕੁਝ ਸ਼ੁਰੂਆਤੀ ਸਦੀਆਂ ਵਿੱਚ ਪ੍ਰਮੇਸ਼ਵਰ ਦੇ ਲੋਕਾਂ ਨੂੰ ਸਤਾਓ ਅਤੇ ਗੁਲਾਮੀ 'ਚੋਂ ਲੰਘਣਾ ਪਿਆ। ਫਿਰ ਜਦੋਂ ਰਾਜਾ ਕਾਨਸਟੈਂਟਾਈਨ ਦਾ ਰਾਜ ਆਇਆ ਤਾਂ ਉਸਨੇ ਬੰਦੀ ਬਣਾਏ ਗਏ ਸਭ ਸੇਵਕਾਂ ਅਤੇ ਵਿਸ਼ਵਾਸੀਆਂ ਨੂੰ ਰਿਹਾਅ ਕਰ ਦਿੱਤਾ। ਉਸਨੇ ਮਸੀਹਤ ਨੂੰ ਦੇਸ਼ ਦਾ ਰਾਸ਼ਟਰੀ ਧਰਮ ਵੀ ਘੋਸ਼ਿਤ ਕਰ ਦਿੱਤਾ।

ਹਾਲਾਂਕਿ, ਸੱਚਾਈ ਇਹ ਹੈ ਕਿ ਸਤਾਓ ਦੇ ਇਸੇ ਸਮੇਂ ਦੌਰਾਨ ਹੀ ਕਲੀਸਿਆ ਦਾ ਸਭ ਤੋਂ ਅਧਿਕ ਵਾਧਾ ਹੋਇਆ। ਜਦੋਂ ਨਦੀ ਵਧੇਰੇ ਡੂੰਘੀ ਹੋ ਗਈ ਤਾਂ ਸੰਤ ਪ੍ਰਮੇਸ਼ਵਰ ਦੇ ਵਚਨ ਅਤੇ ਮਸੀਹ ਦੇ ਪ੍ਰਕਾਸ਼ ਵਿੱਚ ਹੋਰ ਭਰਪੂਰ ਹੋਏ।

ਮਾਰਟਿਨ ਲੂਥਰ ਇੱਕ ਅਜਿਹਾ ਸੰਤ ਸੀ ਜੋ ਮਸੀਹ ਦੀ ਦੇਹ ਨੂੰ ਨਿਹਚਾ ਦੇ ਨਵੇਂ ਵਹਾਅ ਵਿੱਚ ਲੈ ਗਿਆ। ਪੁਨਰ-ਜਾਗ੍ਰਿਤੀ ਦੇ ਇਸ ਸਮੇਂ ਵਿੱਚ ਵਗਣ ਵਾਲਾ ਪਾਣੀ ਕਲੀਸਿਆ ਦੇ ਲੱਕ ਤੀਕ ਪਹੁੰਚ ਗਿਆ ਕਿਉਂਕਿ ਉਹ ਸਲੀਬ ਦੇ ਵੱਡੇ ਪ੍ਰਕਾਸ਼ਨ ਅਤੇ ਮਸੀਹ ਦੀ ਸਮਰੱਥ ਅਤੇ ਮਹਿਮਾ ਦੇ ਗਹਿਰੇ ਗਿਆਨ ਨੂੰ ਪ੍ਰਾਪਤ ਕਰ ਚੁੱਕੇ ਸਨ।

## ਪ੍ਰਭੂ ਦੇ ਆਗਮਨ ਤੋਂ ਬਿਲਕੁਲ ਪਹਿਲਾਂ ਜੀਵਨ ਦੀ ਨਦੀ ਆਪਣੀ ਭਰਪੂਰੀ ਤੱਕ ਪਹੁੰਚ ਜਾਵੇਗੀ

ਇਹ ਗੱਲ ਹਿਜ਼ਕੀਏਲ ਦੇ ਦਰਸ਼ਨ ਵਿੱਚ ਪਹਿਲਾਂ ਹੀ ਆਖੀ ਗਈ ਸੀ। ਪ੍ਰਮੇਸ਼ਵਰ ਹਿਜ਼ਕੀਏਲ ਨੂੰ ਇੱਕ ਅਨੋਖੀ ਯਾਤਰਾ ਤੇ ਲੈ ਗਿਆ। ਫੀਤੇ ਨਾਲ ਉਸਨੇ ਹਜ਼ਾਰ ਹੱਥ, ਮੀਲ ਦਾ ਲਗਭਗ ਇੱਕ ਤਿਹਾਈ ਮਿਣਿਆ। ਉਨਾਂ ਫਾਸਲਾ ਪ੍ਰਭੂ ਅਤੇ ਹਿਜ਼ਕੀਏਲ ਪਾਣੀ ਵਿੱਚ ਇਕੱਠੇ ਚੱਲਦੇ ਗਏ। ਇੱਥੇ ਤੱਕ ਪਾਣੀ ਗਿੱਟਿਆਂ ਤੱਕ ਸੀ। ਪ੍ਰਭੂ ਨਬੀ ਨੂੰ ਹੋਰ ਗਹਿਰਾਈ ਤੀਕ ਲੈ ਕੇ ਗਿਆ; ਹੋਰ ਹਜ਼ਾਰ ਹੱਥ ਅੱਗੇ ਜਾ ਕੇ ਪਾਣੀ ਉਨ੍ਹਾਂ ਦੇ ਗੋਡਿਆਂ ਤੱਕ ਆ ਗਿਆ।

ਹਿਜ਼ਕੀਏਲ ਆਖਦਾ ਹੈ ਕਿ ਹੋਰ ਅੱਗੇ ਵਧ ਕੇ ਪਾਣੀ ਇੰਨਾਂ ਡੂੰਘਾ ਹੋ ਗਿਆ ਕਿ ਉਹ ਗੋਤੇ ਲਗਾਉਣ ਵਾਲਾ ਸੀ। "ਮੈਂ ਉਹ ਨੂੰ

ਪਾਰ ਨਹੀਂ ਕਰ ਸਕਦਾ ਸੀ ਕਿਉਂ ਜੋ ਪਾਣੀ ਚੜ੍ਹ ਕੇ ਤੈਰਨ ਵਾਲਾ ਹੋ ਗਿਆ ਸੀ" (ਹਿਜ਼ਕੀਏਲ 47:5)।

ਯਸਾਯਾਹ ਨਬੀ ਨੇ ਵੀ ਇਸ ਨਦੀ ਦੀ ਝਲਕ ਵੇਖੀ ਸੀ ਜੋ ਹਿਜ਼ਕੀਏਲ ਨੇ ਦਰਸ਼ਨ ਵਿੱਚ ਵੇਖੀ। ਯਸਾਯਾਹ ਨੇਂ ਵੀ ਇਸੇ ਨਬੀ ਵਾਂਗ ਵੇਖਿਆ ਕਿ ਆਖਰੀ ਦਿਨਾਂ ਵਿੱਚ ਪ੍ਰਮੇਸ਼ਵਰ ਦੇ ਲੋਕ ਸਭ ਸ਼ੈਤਾਨੀ ਹਮਲਿਆਂ ਦੇ ਵਿਰੁੱਧ ਵੱਡੀ ਸੁਰੱਖਿਆ ਦਾ ਅਨੁਭਵ ਕਰਨਗੇ: "ਕੋਈ ਚੱਪੂਆਂ ਵਾਲੀ ਬੇੜੀ ਨਾ ਚੱਲੇਗੀ, ਕੋਈ ਸ਼ਾਨਦਾਰ ਜਹਾਜ਼ ਨਾ ਲੰਘੇਗਾ" (ਯਸਾਯਾਹ 33:21)। ਯਸਾਯਾਹ ਇੱਥੇ ਗੁਲਾਮਾਂ ਨੂੰ ਲਿਜਾਣ ਵਾਲੇ ਯੁੱਧ ਦੇ ਜਹਾਜ਼ਾਂ ਦੀ ਗੱਲ ਕਰਦਾ ਹੈ। ਉਹ ਸਾਨੂੰ ਦੁਸ਼ਮਣ ਸ਼ੈਤਾਨ ਦੀ ਤਸਵੀਰ ਵਿਖਾਉਂਦਾ ਹੈ ਜੋ ਉਨ੍ਹਾਂ ਸਭ ਮਨੁੱਖਾਂ ਵਿਰੁੱਧ ਹਮਲੇ ਦੀ ਕੋਸ਼ਿਸ਼ ਕਰਦਾ ਹੈ ਜੋ ਡੂੰਘੇ ਪਾਣੀ ਵਿੱਚ ਤੈਰਦੇ ਹਨ। ਇਹ ਉਲਝਣ ਦੀ ਇੱਕ ਤਸਵੀਰ ਹੈ।

ਇਨ੍ਹਾਂ ਆਇਤਾਂ ਵਿੱਚ ਪ੍ਰਮੇਸ਼ਵਰ ਇਹ ਸਪੱਸ਼ਟ ਕਰਦਾ ਹੈ ਕਿ ਉਸਦੇ ਜੀਵਨ ਜਲ ਤੀਕ ਸ਼ੈਤਾਨ ਪਹੁੰਚ ਨਹੀਂ ਸਕਦਾ: "ਜਿਹੜੇ ਮੇਰੀ ਜਾਨਲੇਵਾ ਹਨ ਉਹ ਲੱਜਿਆਵਾਨ ਅਤੇ ਖੱਜਲ ਹੋਣ; ਜਿਹੜੇ ਮੇਰੀ ਬੁਰਿਆਈ ਸੋਚਦੇ ਹਨ ਉਹ ਪਿੱਛੇ ਹਟਾਏ ਜਾਣ ਅਤੇ ਭੌਂਦਲ ਜਾਣ...ਯਹੋਵਾਹ ਦਾ ਦੂਤ ਉਨ੍ਹਾਂ ਨੂੰ ਧੱਕਾ ਮਾਰਦਾ ਜਾਏ...ਯਹੋਵਾਹ ਦਾ ਦੂਤ ਉਨ੍ਹਾਂ ਦਾ ਪਿੱਛਾ ਕਰੀ ਜਾਏ" (ਜ਼ਬੂਰ 35:4-6)।

## ਆਤਮਿਕ ਮੌਤ ਤੋਂ ਜੀਵਨ ਵਿੱਚ

"ਜਿੱਥੇ ਇਹ ਨਦੀ ਜਾਵੇਗੀ ਹਰੇਕ ਜਲਜੰਤੂ ਜੋ ਬਹੁਤ ਸਾਰੇ ਹਨ ਜੀਉਂਦੇ ਰਹਿਣਗੇ" (ਹਿਜ਼ਕੀਏਲ 47:9)।

ਜਦੋਂ ਹਿਜ਼ਕੀਏਲ ਨਦੀ ਦੇ ਕੰਢੇ ਤੇ ਵਾਪਸ ਆਇਆ ਤਾਂ ਉਹ ਹੈਰਾਨ ਖਲੋਤਾ ਸੀ। ਜਦੋਂ ਉਸਨੇ ਪਿੱਛੇ ਵੇਖਿਆ ਤਾਂ ਉਸਨੂੰ ਨਦੀ ਦੇ ਦੋਨਾਂ ਕੰਢਿਆਂ ਤੇ "ਬਹੁਤ ਸਾਰੇ ਰੁੱਖ" ਵਿਖਾਈ ਦਿੱਤੇ। ਇਨ੍ਹਾਂ ਰੁੱਖਾਂ ਨੂੰ ਉਸ ਵਗਦੇ ਪਾਣੀ ਦੁਆਰਾ ਜੀਵਨ ਮਿਲਦਾ ਹੈ। ਇਨ੍ਹਾਂ ਰੁੱਖਾਂ ਦੇ ਪੱਤੇ ਅਤੇ ਫਲ ਕਦੇ ਨਹੀਂ ਮੁਰਝਾਉਂਦੇ ਅਰ ਅਦਭੁੱਤ ਚੰਗਾਈ ਦਿੰਦੇ ਹਨ। ਇਨ੍ਹਾਂ ਉੱਚੇ ਅਰ ਫਲਾਂ ਨਾਲ ਭਰੇ ਹੋਏ ਰੁੱਖਾਂ ਅੰਦਰ ਜੀਵਨ ਭਰਪੂਰੀ ਨਾਲ ਭਰਿਆ ਹੋਇਆ ਹੈ।

ਹਾਂ, ਪ੍ਰਮੇਸ਼ਵਰ ਦੀ ਇਹ ਨਦੀ ਜਿੱਥੇ ਵੀ ਜਾਂਦੀ ਹੈ ਉੱਥੇ ਜੀਵਨ ਪ੍ਰਦਾਨ ਕਰਦੀ ਹੈ। ਹਾਲਾਂਕਿ ਦੂਜੇ ਪਾਸੇ ਇਨ੍ਹਾਂ ਅੰਤਮ ਦਿਨਾਂ ਵਿੱਚ ਅਸੀਂ ਮੌਤ ਦੇ ਹੜ੍ਹ ਨੂੰ ਵੀ ਵੇਖਣ ਜਾ ਰਹੇ ਹਾਂ:

ਹਜ਼ਾਰਾਂ ਲੋਕ ਭਿਆਨਕ ਬਿਮਾਰੀਆਂ ਨਾਲ ਮਰ ਰਹੇ ਹਨ।

ਬਹੁਤਿਆਂ ਦਾ ਪ੍ਰੇਮ ਵੀ ਮਰ ਜਾਵੇਗਾ। ਪ੍ਰਭੂ ਯਿਸੂ ਅਨੁਸਾਰ, "ਬਹੁਤਿਆਂ ਦੀ ਪ੍ਰੀਤ ਠੰਢੀ ਪੈ ਜਾਵੇਗੀ" (ਮੱਤੀ 24:12)।

ਪੌਲੁਸ ਆਖਦਾ ਹੈ ਕਿ ਠੱਠਾ ਕਰਨ ਵਾਲੇ ਵੀ ਆਉਣਗੇ ਅਰ ਮਸੀਹ ਦੇ ਮੁੜ ਆਗਮਨ ਦੇ ਸੰਦੇਸ਼ ਦਾ ਠੱਠਾ ਕਰਨਗੇ। ਉਹ ਕਈ ਸੰਤਾਂ ਅੰਦਰ ਪ੍ਰਭੂ ਦੇ ਆਉਣ ਦੀ ਉਮੀਦ ਨੂੰ ਵੀ ਖਤਮ ਕਰ ਦੇਣਗੇ। ਉਨ੍ਹਾਂ ਦਾ ਵਤੀਰਾ ਨੈਤਿਕਤਾ ਨੂੰ ਖਤਮ ਕਰ ਦੇਵੇਗਾ ਅਰ ਪਾਪ ਨੂੰ ਵਧਾ ਦੇਵੇਗਾ।

ਝੂਠੇ ਨਬੀ ਮੌਤ ਦੇ ਸਿਧਾਂਤ ਨੂੰ ਫੈਲਾਉਣਗੇ। "ਦੁਸ਼ਟ ਮਨੁੱਖ ਅਤੇ ਛਲੀਏ ਧੋਖਾ ਦਿੰਦੇ ਅਤੇ ਧੋਖਾ ਖਾਂਦੇ ਬੁਰੇ ਤੋਂ ਬੁਰੇ ਹੁੰਦੇ ਜਾਣਗੇ" (2 ਤਿਮੋਥਿਉਸ 3:13)। ਅੱਜ ਵੀ ਕੁਧਰਮੀ ਕਲੀਸਿਆ ਅੰਦਰ ਆਤਮਿਕ ਮੌਤ ਫੈਲ ਚੁੱਕੀ ਹੈ।

ਪਰੰਤੂ ਇਸ ਮੌਤ ਅਤੇ ਬਰਬਾਦੀ ਦੇ ਦੇ ਵਿਚਕਾਰ ਮੈਂ ਆਪਣੀ ਆਤਮਾ ਵਿੱਚ ਪ੍ਰਮੇਸ਼ਵਰ ਦੀ ਭਵਿੱਖਬਾਣੀ ਨੂੰ ਗੂੰਜਦੇ ਸੁਣਦਾ ਹਾਂ, "ਮੇਰੀ ਨਦੀ ਵਗਣ ਜਾ ਰਹੀ ਹੈ ਅਤੇ ਜਿੱਥੇ ਵੀ ਇਹ ਜਾਵੇਗੀ ਉੱਥੇ ਜੀਵਨ ਬਖ਼ਸ਼ੇਗੀ"।

ਤੁਹਾਡੇ ਘਰਾਣੇ ਬਾਰੇ ਕੀ? ਕੀ ਤੁਹਾਡਾ ਪਰਿਵਾਰ ਵੀ ਉਲਝਣ ਵਿੱਚ ਹੈ। ਕੀ ਤੁਸੀਂ ਮੌਤ ਦੇ ਬਵੰਡਰ ਨੂੰ ਤੁਹਾਡੇ ਪਿਆਰਿਆਂ ਦੇ ਜੀਵਨਾਂ ਵਿੱਚ ਵੀ ਵੇਖ ਰਹੇ ਹੋ?ਕੀ ਤੁਹਾਨੂੰ ਸਭ ਕੁਝ ਬੇਆਸ ਵਿਖਾਈ ਦੇ ਰਿਹਾ ਹੈ। ਸਾਡੇ ਮੁਬਾਰਕ ਪ੍ਰਭੂ ਦੇ ਇਸ ਵਾਅਦੇ ਨੂੰ ਥੰਮ ਲਓ: ਉਹ ਚੰਗਾਈ ਪਾਉਣਗੇ ਅਰ ਜਿੱਥੇ ਵੀ ਇਹ ਨਦੀ ਜਾਵੇਗੀ ਉੱਥੇ ਜੀਵਨ ਜਾਵੇਗਾ।

ਤੁਸੀਂ ਨਹੀਂ ਜਾਣਦੇ ਕਿ ਪ੍ਰਮੇਸ਼ਵਰ ਇਹ ਕਿੰਝ ਕਰੇਗਾ। ਪਰੰਤੂ ਜੇਕਰ ਉਹ ਆਖਦਾ ਹੈ ਕਿ ਨਦੀ ਵਗੇਗੀ ਅਤੇ ਜਿੱਥੇ ਵੀ ਜਾਵੇਗੀ ਜੀਵਨ ਬਖ਼ਸ਼ੇਗੀ ਤਾਂ ਅਸੀਂ ਉਸ ਉੱਤੇ ਭਰੋਸਾ ਕਰਨਾ ਹੈ। ਬੇਸ਼ਕ ਉਹ ਕਰ ਸਕਦਾ ਹੈ।

## ਕੁਝ ਬਾਹਰ ਰਹਿ ਜਾਣਗੇ

ਜਿਹੜੇ ਵੀ ਇਸ ਨਦੀ ਦੀ ਅਦਭੁੱਤ ਬੇਦਾਰੀ 'ਚੋਂ ਬਾਹਰ ਰਹਿ ਜਾਣਗੇ ਉਹ "ਨਮਕ ਨੂੰ ਸੌਂਪੇ ਜਾਣਗੇ"। "ਪਰੰਤੂ ਉਹ ਦੀਆਂ ਚਿੱਕੜ ਅਰ ਜਿੱਲਣ ਵਾਲੀਆਂ ਥਾਵਾਂ ਤਾਜ਼ੀਆਂ ਨਾ ਕੀਤੀਆਂ ਜਾਣਗੀਆਂ , ਉਹ ਲੂਣ ਵਾਲੀਆਂ ਹੀ ਰਹਿਣਗੀਆਂ" (ਹਿਜ਼ਕੀਏਲ 47:11)।

ਹਿਜ਼ਕੀਏਲ ਆਖਦਾ ਹੈ ਕਿ ਗੰਦਗੀ, ਮੈਲ ਅਤੇ ਬੁਰਾਈ ਨਾਲ ਭਰੇ ਲੋਕ ਉਵੇਂ ਹੀ ਰਹਿਣਗੇ ਅਤੇ ਵਗਦੀ ਹੋਈ ਨਦੀ ਉਨ੍ਹਾਂ ਨੂੰ ਚੰਗਾ ਨਹੀਂ ਕਰੇਗੀ।

ਅਸਲ ਵਿੱਚ ਨਦੀ ਉਨ੍ਹਾਂ ਦੇ ਲਾਗਿਓਂ ਗੁਜ਼ਰ ਜਾਵੇਗੀ ਅਤੇ ਉਹ ਸੁੱਕੇ ਰਹਿ ਕੇ ਨਮਕ ਬਣ ਜਾਣਗੇ।

ਪੁਰਾਣੇ ਨੇਮ ਵਿੱਚ ਨਮਕ ਵਿਦਰੋਹ ਅਤੇ ਬੰਜਰ ਹੋਣ ਨੂੰ ਦਰਸਾਉਂਦਾ ਹੈ। ਜਿਨ੍ਹਾਂ ਖਾਰੇ ਲੋਕਾਂ ਬਾਰੇ ਹਿਜ਼ਕੀਏਲ ਗੱਲ ਕਰਦਾ ਹੈ ਇਹ ਪ੍ਰਮੇਸ਼ਵਰ ਦੇ ਉਹ ਲੋਕ ਹਨ ਜਿਨ੍ਹਾਂ ਅੰਦਰ ਕੋਈ ਬਦਲਾਓ ਨਹੀਂ ਆਉਂਦਾ। ਅਜਿਹੇ ਲੋਕ ਪਾਪ ਅਤੇ ਮੌਤ ਦੇ ਕਰਕੇ ਹੰਝੂ ਜ਼ਰੂਰ ਵਹਾਉਂਦੇ ਹਨ ਪਰੰਤੂ ਉਹ ਪ੍ਰਮੇਸ਼ਵਰ ਦੇ ਕਲਾਮ ਨੂੰ ਮੰਨਕੇ ਜੀਵਨ ਨੂੰ ਨਹੀਂ ਭਾਲਦੇ। ਉਹ ਬਦਲਣ ਲਈ ਕਈ ਵਾਰ ਵਾਅਦੇ ਅਰ ਕਰਾਰ ਵੀ ਕਰ ਲੈਂਦੇ ਹਨ ਪਰੰਤੂ ਉਹ ਉਵੇਂ ਕਰਦੇ ਨਹੀਂ। ਯਸਾਯਾਹ ਅਜਿਹਿਆਂ ਬਾਰੇ ਲਿਖਦਾ ਹੈ, "ਦੁਸ਼ਟ ਉੱਛਲਦੇ ਸਮੁੰਦਰ ਵਾਂਗ ਹੁੰਦਾ ਹੈ, ਕਿਉਂ ਜੋ ਉਹ ਚੈਨ ਨਹੀਂ ਕਰ ਸਕਦੇ ਅਤੇ ਉਹ ਦੀਆਂ ਲਹਿਰਾਂ ਗੰਦ ਅਤੇ ਚਿੱਕੜ ਉਛਾਲਦੀਆਂ ਹਨ" (ਯਸਾਯਾਹ 57:20)।

ਅਜਿਹੇ ਲੋਕ ਮਸੀਹੀ ਹੋਣ ਦਾ ਖੁੱਲ ਕੇ ਅੰਗੀਕਾਰ ਕਰਦੇ ਹਨ। ਉਹ ਖੁਦ ਨੂੰ ਧਰਮੀ ਸਾਬਿਤ ਕਰਨ ਲਈ ਵੀ ਖ਼ੂਬ ਮੇਹਨਤ ਕਰਦੇ ਹਨ। ਪਵਿੱਤਰ ਆਤਮਾ ਉਨ੍ਹਾਂ ਦੇ ਹਿਰਦਿਆਂ ਵਿੱਚ ਆਪਣੇ ਪ੍ਰੇਮ ਦਾ ਨਿਓਤਾ ਦਿੰਦਾ ਹੈ। ਪਰੰਤੂ ਉਹਨਾਂ ਅੰਦਰ ਕੋਈ ਬਦਲਾਅ ਨਹੀਂ ਆਉਂਦਾ। ਉਹ ਖਲੋਤੇ ਤਾਂ ਜੀਵਨ ਦੀ ਨਦੀ ਵਿੱਚ ਹੀ ਹਨ ਪਰੰਤੂ ਉਹ ਉਸ ਨਦੀ ਨੂੰ ਆਪਣੇ ਅੰਦਰ ਆਉਣ ਨਹੀਂ ਦਿੰਦੇ।

ਨਤੀਜੇ ਵੱਜੋਂ ਪ੍ਰਭੂ ਯਿਸੂ ਦਾ ਜੀਵਨ ਉਨ੍ਹਾਂ ਅੰਦਰੋਂ ਨਹੀਂ ਵਗਦਾ ਬਲਕਿ ਉਨ੍ਹਾਂ ਅੰਦਰੋਂ ਚੁਗਲੀਆਂ, ਸ਼ੇਖੀਆਂ, ਝੂਠ ਅਤੇ ਗਲਤ ਗੱਲਾਂ ਹੀ ਵਹਿੰਦੀਆਂ ਹਨ। ਉਨ੍ਹਾਂ ਦੇ ਚਾਰੇ ਪਾਸੇ ਵੀ ਝਗੜੇ ਅਤੇ ਕੜਵਾਹਟ ਹੀ

ਵਧਦੀ ਜਾਂਦੀ ਹੈ। ਉਹ ਆਪਣੇ ਕੰਮਾਂ ਕਰਕੇ ਖੁਦ ਹੀ ਠੇਡਾ ਖਾਂਦੇ ਹਨ। ਉਹ ਸਦਾ ਪ੍ਰਮੇਸ਼ਵਰ ਦੇ ਹੋਰਾਂ ਦੇ ਜੀਵਨਾਂ ਵਿੱਚ ਕੀਤੇ ਕੰਮਾਂ ਉੱਪਰ ਸ਼ਿਕਾਇਤ ਕਰਦੇ ਅਤੇ ਪ੍ਰਸ਼ਨ ਉਠਾਉਂਦੇ ਰਹਿੰਦੇ ਹਨ। ਉਹ ਜੀਵਨ ਦੀ ਘੋਸ਼ਣਾ ਕਰਦੇ ਪਰੰਤੂ ਚਿੱਕੜ ਨਾਲ ਲਿੱਬੜੇ ਹੁੰਦੇ ਹਨ। ਉਹ ਆਤਮਿਕਤਾ ਦਾ ਢੋਂਗ ਕਰਦੇ ਪਰੰਤੂ ਹਰ ਪਾਸੇ ਮੌਤ ਫੈਲਾਉਂਦੇ ਫਿਰਦੇ ਹਨ।

ਪਤਰਸ ਦੇ ਸ਼ਬਦਾਂ ਵਿੱਚ ਉਹ, "ਸੁੱਕੇ ਖੂਹ" ਹਨ (2 ਪਤਰਸ 2:17)। ਹਿਜ਼ਕੀਏਲ ਅਨੁਸਾਰ ਉਹ "ਨਮਕ ਨੂੰ ਸੌਂਪ ਦਿੱਤੇ ਜਾਣਗੇ"। ਇਹ ਬਾਂਝਪਨ, ਪਤਨ, ਬੇਫ਼ਲ ਅਤੇ ਬੇਕਾਰ ਜੀਵਨ ਦਾ ਸਰਾਪ ਹੈ।ਫੇਰ ਵੀ ਉਹ ਆਪਣੇ ਵਿਦਰੋਹ ਅਤੇ ਨਾਸ਼ ਕਰਨ ਵਾਲੇ ਘਮੰਡ ਵਿੱਚ ਮਜਬੂਤੀ ਨਾਲ ਖੜੇ ਰਹਿੰਦੇ ਹਨ।

ਪ੍ਰਮੇਸ਼ਵਰ ਆਪਣੇ ਜੀਵਨ ਦੀ ਨਦੀ ਨੂੰ ਉਨ੍ਹਾਂ ਦੇ ਆਲੇ-ਦੁਆਲੇ ਮੋੜ ਦੇਵੇਗਾ। ਅੰਤ ਵਿੱਚ ਉਹ ਅੰਨ੍ਹੇ, ਅਤੇ ਉਸ ਆਉਣ ਵਾਲੇ ਵਿਨਾਸ਼ ਪ੍ਰਤੀ ਅਸੰਵੇਦਨਸ਼ੀਲ ਹੋ ਜਾਣਗੇ ਜਿਸ ਵਿੱਚ ਉਨ੍ਹਾਂ ਨੇ ਖੁਦ ਨੂੰ ਫਸਾ ਲਿਆ ਹੈ। ਅਰ ਜਦੋਂ ਪਵਿੱਤਰ ਆਤਮਾ ਉਨ੍ਹਾਂ ਕੋਲੋਂ ਅਲੱਗ ਹੋ ਜਾਵੇਗਾ ਅਤੇ ਤਬਾਹੀ ਉਨ੍ਹਾਂ ਉੱਤੇ ਆ ਪਵੇਗੀ ਤਾਂ ਫਿਰ ਉਹ "ਸ਼ਾਂਤੀ, ਸ਼ਾਂਤੀ" ਚਿੱਲਾਉਣਗੇ ਅਤੇ ਵਿਰਲਾਪ ਕਰਨਗੇ।

ਹਿਜ਼ਕੀਏਲ ਨੂੰ ਮੌਤ ਦੀ ਗੁਲਾਮੀ ਵਿੱਚ ਫਸੇ ਅਜਿਹੇ ਲੋਕਾਂ ਨੂੰ ਵੇਖ ਕੇ ਯਕੀਨ ਨਹੀਂ ਹੋ ਰਿਹਾ ਹੋਵੇਗਾ। ਉਹ ਵੇਖਦਾ ਹੈ ਕਿ ਚਾਰੇ ਪਾਸੇ ਨਦੀ ਦੁਆਰਾ ਜੀਵਨ ਪੱਸਰ ਰਿਹਾ ਹੈ ਪਰੰਤੂ ਮੌਤ ਨਾਲ ਭਰੀਆਂ ਇਹ ਥਾਵਾਂ ਉਜਾੜ, ਕੱਲਰ ਅਤੇ ਬੰਜਰ ਹੀ ਰਹੀਆਂ।

ਮਸੀਹ ਦਾ ਕੋਈ ਅਨੁਯਾਈ ਅਜਿਹੀ ਹਾਲਤ ਵਿੱਚ ਕਿਵੇਂ ਹੋ ਸਕਦਾ ਹੈ? ਕੋਈ ਸੇਵਕ ਇੰਨਾਂ ਖਾਲੀ, ਸੁੱਕਾ ਅਤੇ ਜੀਵਨ ਦੀ ਨਦੀ ਤੋਂ ਕੱਟਿਆ ਹੋਇਆ ਕਿਵੇ ਹੋ ਸਕਦਾ ਹੈ? ਪਤਰਸ ਦੱਸਦਾ ਹੈ:

"ਜਿਹੜੇ ਸਰੀਰ ਦੇ ਅਨੁਸਾਰ ਗੰਦੀ ਕਾਮਨਾ ਵਿੱਚ ਚੱਲਦੇ ਹਨ ਅਤੇ ਹਕੂਮਤ ਨੂੰ ਤੁੱਛ ਜਾਣਦੇ ਹਨ। ਉਹ ਢੀਠ ਅਤੇ ਮਨ ਮਤੀਏ ਹਨ ਅਤੇ ਪਰਤਾਪ ਵਾਲਿਆਂ ਦੀ ਨਿੰਦਾ ਕਰਨੋਂ ਨਹੀਂ ਡਰਦੇ...ਜੇਕਰ ਉਹ ਮੁੜ ਕੇ ਉਸ ਵਿੱਚ ਫਸਣ ਅਤੇ ਹਠਾੜੂ ਹੋ ਜਾਣ ਤਾਂ ਪਿਛਲਾ ਹਾਲ ਪਹਿਲਾਂ ਨਾਲੋਂ ਬੁਰਾ ਹੋਇਆ...ਕਿਉਂ ਜੋ ਉਹ ਧਰਮ ਦੇ ਮਾਰਗ ਤੋਂ ਫਿਰ ਗਏ" (2 ਪਤਰਸ 2:10-21)।

ਇਸ ਤ੍ਰਾਸਦੀ ਦਾ ਸਭ ਤੋਂ ਦੁਖਦ ਹਿੱਸਾ ਇਹ ਹੈ ਕਿ ਇਹ ਸੁੱਕੇ ਖੂਹ ਕਦੇ ਜੀਵਨ ਜਲ ਦੇ ਸੋਤੇ ਸਨ। ਉਸ ਸਮੇਂ ਉਨ੍ਹਾਂ ਦੇ ਜੀਵਨਾਂ ਤੋਂ ਚੰਗਾਈ ਅਤੇ ਬਰਕਤਾਂ ਵਹਿੰਦੀਆਂ ਸਨ। ਪਰੰਤੂ ਹੁਣ ਉਨ੍ਹਾਂ ਅੰਦਰੋਂ ਕੜਵਾਹਟ, ਨਫ਼ਰਤ ਅਤੇ ਮੌਤ ਹੀ ਨਿਕਲਦੀ ਹੈ।

ਜਦੋਂ ਤੁਹਾਡੇ ਇਰਦ ਗਿਰਦ ਜੀਵਨ ਦੀ ਨਦੀ ਵਹਿ ਰਹੀ ਹੈ ਤਾਂ ਕੀ ਤੁਸੀਂ ਅਜਿਹੀ ਕੜਵਾਹਟ ਨਾਲ ਜਕੜੇ ਹੋਏ ਹੋ, ਜੇਕਰ ਹਾਂ, ਤਾਂ ਖੁਦ ਨੂੰ ਰੋਕ। ਪ੍ਰਮੇਸ਼ਵਰ ਨੂੰ ਤੁਹਾਨੂੰ ਆਪਣੇ ਜੀਵਨ ਜਲ ਨਾਲ ਭਰਨ ਦਿਓ। ਤੁਹਾਨੂੰ ਮਹਿਸੂਸ ਨਹੀਂ ਹੋ ਰਿਹਾ ਪਰੰਤੂ ਸਾਡੇ ਪ੍ਰਭੂ ਦੇ ਪ੍ਰਕਾਸ਼ਨਾਂ ਦਾ ਹੜ੍ਹ ਆ ਰਿਹਾ ਹੈ। ਅਤੇ ਇਹ ਕਿਸੇ ਨੂੰ ਵੀ ਅਣਛੋਹਿਆ ਨਹੀਂ ਛੱਡੇਗਾ।

ਤਾਂ ਕੀ ਤੁਸੀਂ ਹਿਜ਼ਕੀਏਲ ਦੇ ਦਰਸ਼ਨ ਦੀ ਵਿਸ਼ਾਲ ਖੇਤਰ ਨੂੰ ਸਮਝਿਆ ਹੈ? ਪੁਰਾਣੇ ਨੇਮ ਦੇ ਨਬੀ ਇਸਨੂੰ ਵੇਖ ਨਹੀਂ ਸਕੇ। ਪਰੰਤੂ ਉਸਦੇ ਪਵਿੱਤਰ ਆਤਮਾ ਦੇ ਦੁਆਰਾ ਪ੍ਰਮੇਸ਼ਵਰ ਨੇ ਇਨ੍ਹਾਂ ਮਹਾਨ ਕੰਮਾਂ ਨੂੰ ਵੇਖਣ ਲਈ ਸਾਨੂੰ ਨਜ਼ਰ ਦਿੱਤੀ ਹੈ। ਇਸ ਲਈ ਤਿਆਰ ਹੋ ਜਾਓ: ਜੀਵਨ ਦੀ ਨਦੀ ਆ ਰਹੀ ਹੈ!

---

**ਲੋੜ ਹੈ**

ਸਾਨੂੰ ਅੰਗ੍ਰੇਜ਼ੀ ਜਾਂ ਹਿੰਦੀ ਜਾਂ ਦੋਹਾਂ ਵਿੱਚ ਮੁਹਾਰਤ ਰੱਖਣ ਵਾਲੇ ਅਤੇ ਨਾਲ ਹੀ ਕੰਪਿਊਟਰ ਸੰਚਾਲਨ ਦਾ ਗਿਆਨ ਰੱਖਣ ਵਾਲੇ ਉਮੀਦਵਾਰਾਂ ਦੀ ਲੋੜ ਹੈ। ਕੰਮ ਕਰਨ ਦੀ ਜਗ੍ਹਾ ਹੈ: ਚੇਨੰਈ ਸਥਿਤ ਸਾਡਾ ਮੁੱਖ ਦਫ਼ਤਰ। ਮਾਸਿਕ ਤਨਖਾਹ ਦਿੱਤੀ ਜਾਵੇਗੀ। ਸਾਨੂੰ ਸੰਪਰਕ ਕਰੋ।

ਸੰਪਾਦਕ

**NEHEMIAH BIBLE COLLEGES, CHENNAI, INDIA**

**ECHO OF HIS CALL MINISTRIES** (ESTD.: 1969)

**Affiliated to Hindustan Bible Institute & College (HBI), Chennai**
&
**Recognised by the International Christian Leaders & Senior Pastors for the 50 Years! Hundreds of candidates benefitted!!**

ECHO OF HIS CALL 1969-2019 GOLDEN JUBILEE

**RESIDENTIAL COLLEGE, Velachery**
**(Medium: English & Hindi)**
Course : Diploma in Theology,
Qualification : 10th Standard
Period : One year (with field and administrative trainings)

Golden Opportunity!
Don't miss!!
God is Calling you!!!

**EVENING COLLEGE, Chepauk & Santhoshapuram**
**(Medium : Tamil)**
Course : Diploma in Theology
*Monday, Tuesday & Thursday 6.30 PM to 8.30 PM*
(Evening Classes - Chepauk)
Qualification : 10th Standard
Period : One year (with Special Seminars on holidays)

**Pastor S. Sam Selva Raj, Founder-President**
**For more details & application forms please contact :**
NEHEMIAH BIBLE COLLEGES
10, Mohammed Abdullah 2nd Street, Bells Road, Opp. Cricket Stadium, Chepauk, Chennai - 600 005, India.
**Phone : (+91-44) 2852 8282, 2852 9293, 2854 7766, Cell No : (+91) 98410 71852, 95661 31858**
**E.mail : sam@echoofhiscall.org / biblecor@yahoo.co.in Websites : www.echoofhiscall.org / www.echoofhiscall.com**



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

**"ਜਿਵੇਂ ਉਕਾਬ ਆਪਣੇ ਆਲ੍ਹਣੇ ਨੂੰ ਹਿਲਾਉਂਦਾ, ਆਪਣੇ ਬੱਚਿਆਂ ਉੱਤੇ ਫੜਫੜਾਉਂਦਾ ਹੈ, ਆਪਣੇ ਪਰ ਫੈਲਾ ਕੇ ਉਨ੍ਹਾਂ ਨੂੰ ਲੈਂਦਾ ਹੈ, ਆਪਣੇ ਖੰਭਾਂ ਉੱਤੇ ਉਨ੍ਹਾਂ ਨੂੰ ਚੁੱਕਦਾ ਹੈ"**
**(ਬਿਵਸਥਾ ਸਾਰ 32:11)**

ਮੇਰੀ ਸੇਵਕਾਈ ਦੇ ਆਰੰਭਕ ਦਿਨਾਂ ਵਿੱਚ ਮੈਨੂੰ ਵਿਅਕਤੀਗਤ ਤੌਰ ਤੇ ਬਹੁਤ ਸਾਰੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਸ਼ੈਤਾਨ ਮੇਰੇ ਹਲਾਤਾਂ, ਦੋਸਤਾਂ, ਅਜੀਜ਼ਾਂ ਆਦਿ ਸਭ ਨੂੰ ਮੇਰਾ ਨੁਕਸਾਨ ਕਰਨ ਲਈ ਇਸਤੇਮਾਲ ਕਰ ਰਿਹਾ ਸੀ। ਪਰੰਤੂ ਇਨ੍ਹਾਂ ਸਭ ਮੁਸ਼ਕਿਲ ਹਲਾਤਾਂ ਵਿੱਚ ਮੈਂ ਆਪਣੇ ਨਾਲ ਪ੍ਰਮੇਸ਼ਵਰ ਦੇ ਹੱਥ ਨੂੰ ਵੇਖ ਰਿਹਾ ਸੀ।

ਰਾਜਨੀਤਕ ਅਤੇ ਧਾਰਮਿਕ ਹਲਾਤਾਂ ਦੇ ਕਾਰਨ ਚੇਨੰਈ ਦੇ ਇੱਕ ਇਲੱਕੇ ਵਿੱਚ ਮੈਨੂੰ ਆਪਣੀ ਸੇਵਕਾਈ ਕਰਨ ਦੀ ਇਜਾਜ਼ਤ ਨਹੀਂ ਸੀ ਕਿਉਂਕਿ ਉੱਥੇ ਮੈਂ ਇਕੱਲਾ ਹੀ ਵਿਸ਼ਵਾਸੀ ਸੀ ਅਤੇ ਆਰਥਿਕ ਪੱਖੋਂ ਵੀ ਗਰੀਬ ਸੀ। ਮੈਨੂੰ ਬੇ-ਬਿਆਨ ਦਬਾਅ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇੱਕ ਪਾਸੇ ਮੈਨੂੰ ਪ੍ਰਭੂ ਦੀ ਸੇਵਕਾਈ ਵਿੱਚ ਅੱਗੇ ਵਧਣਾ ਹੀ ਸੀ ਅਰ ਦੂਜੇ ਪਾਸੇ ਇੱਕ ਜਵਾਨ ਮਨੁੱਖ ਲਈ ਅਣਗਿਣਤ ਮੁਸ਼ਕਿਲਾਂ ਅਤੇ ਤਕਲੀਫਾਂ ਸਨ।

ਅਜਿਹੀ ਸਥਿਤੀ ਵਿੱਚ ਪ੍ਰਮੇਸ਼ਵਰ, ਸ਼੍ਰੀਮਾਨ ਜੇ.ਆਰ. ਸੁੰਦਰਰਾਜ ਨਾਮਕ ਮਨੁੱਖ ਨੂੰ ਮੇਰੇ ਜੀਵਨ ਵਿੱਚ ਲਿਆਇਆ। ਉਹ ਇੱਕ ਅਦਭੁੱਤ, ਪ੍ਰੇਮੀ ਅਰ ਧਿਆਨ ਰੱਖਣ ਵਾਲੇ ਵਿਅਕਤੀ ਸਨ। ਉਹ ਦੋ ਦਿਨਾਂ ਵਿੱਚ ਘੱਟੋ ਘੱਟ ਇੱਕ ਵਾਰ ਮੈਨੂੰ ਜ਼ਰੂਰ ਮਿਲਦੇ, ਮੇਰੇ ਨਾਲ ਪ੍ਰਾਰਥਨਾ ਕਰਦੇ, ਮੈਨੂੰ ਸਲਾਹ ਅਤੇ ਦਲੇਰੀ ਦਿੰਦੇ ਅਤੇ ਮੇਰੀ ਮਦਦ ਕਰਦੇ। ਮੈਂ ਉਨ੍ਹਾਂ ਪਾਸੋਂ ਪੂਰੇ ਧਿਆਨ ਨਾਲ ਪ੍ਰਮੇਸ਼ਵਰ ਦੇ ਲੋਕਾਂ ਨੂੰ ਪਿਆਰ ਕਰਨਾ ਅਤੇ ਪ੍ਰਮੇਸ਼ਵਰ ਦੀ ਭਗਤੀ ਕਰਨੀ ਸਿੱਖੀ। ਉਨ੍ਹਾਂ ਦਾ ਪਤਨੀ ਅਰ ਬੱਚਿਆਂ ਸਮੇਤ ਇੱਕ ਮੁਬਾਰਕ ਪਰਿਵਾਰ ਸੀ। ਉਨ੍ਹਾਂ ਆਪਣੇ ਬੱਚਿਆਂ ਨੂੰ ਪ੍ਰਮੇਸ਼ਵਰ ਦੇ ਮਾਰਗਾਂ ਅਨੁਸਾਰ ਤਿਆਰ ਕੀਤਾ ਸੀ। ਉਹ ਇੱਕ ਜੀਵਿਤ ਗਵਾਹੀ ਸਨ। ਮੈਂ ਉਨ੍ਹਾਂ ਦੇ ਪਿਆਰ ਅਰ ਦੇਖਭਾਲ ਵਿੱਚ ਬਹੁਤ ਖੁਸ਼ ਸੀ।

ਅਚਾਨਕ ਉਹ ਬਿਮਾਰ ਹੋ ਗਏ ਅਰ ਪ੍ਰਭੂ ਕੋਲ ਚਲੇ ਗਏ। ਮੈਂ ਫਿਰ ਇਕੱਲਾ ਰਹਿ ਗਿਆ। ਉਸ ਵੇਲੇ ਮੇਰਾ ਕੋਈ ਵੀ ਚੰਗਾ ਦੋਸਤ ਨਹੀਂ ਸੀ। ਕਈ ਦਿਨ ਤੀਕ ਮੈਂ ਉਨ੍ਹਾਂ ਲਈ ਵਿਰਲਾਪ ਕਰਦਾ ਰਿਹਾ।

ਇੱਕ ਦਿਨ ਜਦੋਂ ਮੈਂ ਬੜੇ ਬੋਝ ਨਾਲ ਦੁਆ ਕਰ ਰਿਹਾ ਸੀ ਤਾਂ ਪ੍ਰਮੇਸ਼ਵਰ ਨੇ ਆਪਣੀ ਸਮਰੱਥ ਨਾਲ ਮੈਨੂੰ ਉਠਾਇਆ ਅਤੇ ਸਿਖਾਇਆ ਕਿ ਆਪਣੇ ਬੋਝ ਨੂੰ ਕਿਵੇਂ ਉਸਨੂੰ ਸੌਂਪਣਾ ਹੈ (1 ਪਤਰਸ 5:7; ਫ਼ਿਲਿੱਪੀਆਂ 4:6, 7; ਜ਼ਬੂਰ 55:22)। ਮੈਂ ਇਸ ਵਿਸ਼ੇ ਤੇ ਬਹੁਤ ਵਾਰ ਪ੍ਰਚਾਰ ਕਰ ਚੁੱਕਾ ਸੀ ਪਰੰਤੂ ਲੋੜ ਵੇਲੇ ਆਪਣੇ ਜੀਵਨ ਵਿੱਚ ਉਸਦਾ ਅਭਿਆਸ ਨਹੀਂ ਸੀ ਕਰ ਪਾ ਰਿਹਾ।

ਇਸ ਲਈ ਮੈਂ ਪੂਰਾ ਦਿਨ ਅਤੇ ਰਾਤ ਪ੍ਰਮੇਸ਼ਵਰ ਅੱਗੇ ਬੈਠ ਗਿਆ ਕਿ ਉਹ ਮੈਨੂੰ ਸਿਖਾਵੇ ਕਿ ਆਪਣਾ ਸਾਰਾ ਬੋਝ ਉਸ ਉੱਤੇ ਕਿਵੇਂ ਸੁੱਟਣਾ ਹੈ। ਮੈਂ ਪ੍ਰਮੇਸ਼ਵਰ ਦੀ ਵਡਿਆਈ ਅਰ ਧੰਨਵਾਦ ਕਰਦਾ ਹਾਂ ਕਿ ਉਸਨੇ ਮੈਨੂੰ ਇੱਕ ਅਜਿਹੀ ਸਮਰੱਥ ਦਿੱਤੀ ਜੋ ਬਿਆਨ ਤੋਂ ਬਾਹਰ ਹੈ ਅਰ ਮੈਂ ਉਸ ਨੂੰ ਆਪਣਾ ਸੱਚਾ ਮਿੱਤਰ, ਸਲਾਹਕਾਰ ਅਤੇ ਮੁਹੱਈਆ ਕਰਨ ਵਾਲਾ ਮੰਨ ਸਕਿਆ। ਬਹੁਤ ਸਾਲ ਬੀਤ ਗਏ ਹਨ ਪਰੰਤੂ ਉਹ ਆਤਮਿਕ ਸਮਰੱਥ ਜਿਹੜੀ ਉਸ ਦਿਨ ਮੈਨੂੰ ਮਿਲੀ ਸੀ ਹਾਲੇ ਵੀ ਮੇਰੇ ਜੀਵਨ ਨੂੰ ਚਲਾਉਂਦੀ ਹੈ। ਭਾਵੇਂ ਉਹ ਡਿਗ ਹੀ ਪਵੇ ਪਰ ਡਿੱਗਿਆ ਨਹੀਂ ਰਹੇਗਾ ਕਿਉਂ ਜੋ ਯਹੋਵਾਹ ਉਹ ਦਾ ਹੱਥ ਥੰਮ੍ਹਦਾ ਹੈ (ਜ਼ਬੂਰ 37:24)। ਹੁਣ ਮੈਂ ਹਰ ਰੋਜ਼ ਜੀਵਨ ਵਿੱਚ ਆਉਣ ਵਾਲੀਆਂ ਲਹਿਰਾਂ ਅਤੇ ਹਲੋਰਿਆਂ ਦਾ ਸਾਹਮਣਾ ਕਰ ਸਕਣ ਦੇ ਯੋਗ ਹਾਂ।

ਪਿਆਰੇ ਮਿੱਤਰ, ਕੀ ਤੁਸੀਂ ਕਿਸੇ ਨੁਕਸਾਨ ਦੇ ਕਾਰਨ ਜੀਵਨ ਵਿੱਚ ਅਸੁਰੱਖਿਤ ਮਹਿਸੂਸ ਕਰ ਰਹੇ ਹੋ? ਕੀ ਤੁਸੀਂ ਆਪਣੀ ਵਰਤਮਾਨ ਸਥਿਤੀ ਬਾਰੇ ਚਿੰਤਤ ਹੋ? ਜੇਕਰ ਤੁਹਾਡੇ ਕਦਮ ਪ੍ਰਮੇਸ਼ਵਰ ਵੱਲੋਂ ਨਿਰਧਾਰਿਤ ਹਨ ਤਾਂ ਉਹ ਤੁਹਾਨੂੰ ਤੁਹਾਡੀਆਂ ਰਾਹਾਂ ਵਿੱਚ ਅਨੰਦਤ ਕਰੇਗਾ (ਜ਼ਬੂਰ 37:23)।

---


## Echo of His Call Postal Courses

ਪੱਤਰ ਵਿਵਹਾਰ ਰਾਹੀਂ ਬਾਈਬਲ ਕੋਰਸ)

### 1. BIBLECOR/ਬਾਈਬਲਕੋਰ

ਅਸੀਂ ਬਾਈਬਲ ਦੀਆਂ ਮੂਲ ਸੱਚਾਈਆਂ ਤੇ ਪੱਤਰ ਵਿਹਾਰ ਰਹੀ ਇਕ ਕੋਰਸ ਪ੍ਰਤਾਵਿਤ ਕਰ ਰਹੇ ਹਾਂ।ਹਿੰਦੀ ਅੰਗਰੇਜੀ ਅਤੇ ਤਾਮਿਲ ਭਾਸ਼ਾ ਵਿੱਚ ਤੁਹਾਨੂੰ ਕਰੀਬ ੭੦ ਪੰਨਿਆਂ ਦੀ **'ਨਵਾਂ ਜੀਵਨ ਤੁਹਾਡੇ ਲਈ'** ਨਾਮ ਦੀ ਇੱਕ ਕੋਰਸ ਦੀ ਕਿਤਾਬ ਦਿੱਤੀ ਜਾਵੇਗੀ।ਕੋਰਸ ਦੇ ਅੰਤ ਵਿੱਚ ਤੁਹਾਨੂੰ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।ਫੀਸ ਜਰੂਰੀ ਨਹੀਂ ਹੋਵੇਗੀ।ਇਹ ਕੋਰਸ ਸਿਰਫ ਭਾਰਤ ਲਈ ਉਪਲਭਧ ਹੈ

### 2. THEOLOGICAL CORRESPONDENCE COURSE

ਪਾਦਰੀਆਂ, ਪ੍ਰਚਾਰਕਾਂ ਅਤੇ ਮਸੀਹੀ ਆਗੂਆਂ ਲਈ ਵੀ **Advanced Distance Education** ਕੋਰਸ **Theological Correspondence Course** ਉਪਲਭਧ ਹੈ! ੧੦੦੦/- ਰੁਪਏ ਫੀਸ ਚਾਰਜ ਕੀਤੀ ਜਾਵੇਗੀ। ੧੪੨ ਪਾਠਾਂ ਦੀਆਂ ੭ ਕਿਤਾਬਾਂ ਭੇਜਜਣੀਆਂ ਜਾਣਗੀਆਂ । ਤੁਸੀਂ **Certificate in Ministry** ਪ੍ਰਾਪਤ ਕਰ ਸਕਦੇ ਹੋ!

**ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਲਿਖੋ :**



**The Chairman, Nehemiah Bible College, Echo of His Call**
10, Mohammed Abdullah 2nd Street, Opp. Cricket Stadium,
Chepauk, Chennai - 600 005, India.
**Ph.: (044) 2852 8282, 2852 9293, 2854 7766, Cell : (+91) 98410 71852, 95661 31858 E-mail : biblecor@yahoo.co.in**

RNI NO. TNPUN/2000/1914, Postal Regn. No. TN/CH/(C)/192/18-20 WPP NO. TN/PMG(CCR)/WPP-263/18-20

# ECHO OF HIS CALL

**Monthly magazines in 16 languages, Bible Colleges, Postal Courses, Church Planting, Village English High School, Gospel Printing Press, Crusades, Seminars, Social Services, etc.**

**Annual Subscription : Rs. 100/- Life Subscription : Rs. 2000/-**

The multifarious activities of **Echo of His Call Ministry** is supported by the free-will offerings and donations of the God's Children like you. You may support **Echo of His Call** and its activities as the Lord leads you. We need your help to send forth the Gospel to the unreached people and plant Churches.

If you would like to receive **ECHO OF HIS CALL** magazines regularly, please write to us. Whenever you change your postal or e-mail addresses, please do inform us your old and new addresses.

**Echo of His Call** is available in 16 languages in our websites also. You can read it by going into the site as well as downloading it and get blessed.

Your letters, prayer requests and your financial helps (by D.D., Cheque, M.O. etc.) to **ECHO OF HIS CALL** may be sent to the address below.

Please send your **Land Phone / Mobile Phone Numbers and E.mail addresses** for updation.

**ECHO OF HIS CALL**
10, Mohammed Abdullah 2nd Street, Chepauk,
Chennai - 600 005, India
PH: (+91-44) 2852 8282, 2852 9293, 2854 7766,
Cell: (+91) 98410 71852, 95661 31858
E-mails: sam@echoofhiscall.org / biblecor@yahoo.co.in
Websites: www.echoofhiscall.org / www.echoofhiscall.com

**YOU CAN SEND YOUR DONATIONS ON ONLINE ALSO**

## PLEASE PRAY FOR OUR MINISTRIES AT THE HEADQUARTERS

1. Prayer Service : 24 hours
2. **BIBLECOR -** Bible Correspondence Courses : English, Tamil & Hindi
3. **ECHO OF HIS CALL** - Monthly Magazines : English, Tamil, Malayalam, Telugu, Hindi, Kannada, Marathi, Gujarati, Bengali, Odiya, Nepali, Assamese, Punjabi, Urdu, Sinhala & Afrikaans.
4. Nehemiah Bible Colleges (Two Centres)
5. Theological Correspondence Courses: English & Tamil
6. Great Commission Partners (Network of Pastors)
7. Training Programmes
8. Crusades
9. Literature Distribution and Follow Up
10. Gospel Printing Press - Publications
11. St. Paul's Matriculation School - Village English High School
12. Sunday Schools : 8.30 a.m. & 4.00 p.m. Sunday
13. **Tamil Services : 5.30 a.m. , 7.00 a.m. & 10.00 a.m. Sunday**
14. **Malayalam Service : 2.00 p.m. Sunday**
15. **Telugu Service : 4.00 p.m. Sunday**
16. **Hindi Service : 5.00 p.m. Sunday**
17. **English & Tamil Service : 6.00 p.m. Sunday**
18. Pastors' Counselling : 4.00 p.m. Sunday
19. Women's Prayer : 5.30 p.m. Wednesday
20. Mid-week Bible study : 6.30 p.m. Wednesday
21. Men's Prayer : 7.00 p.m. Friday
22. Workers' Meeting : 6.00 p.m. Saturday
23. House Meetings : 6.30 p.m. Monday & Tuesday
24. Special Holy Communion : 5.30 a.m. 1st day of each month
25. Ministers Review Meeting : 5.30 p.m. First Saturday
26. Parents' Prayer : 4.00 p.m. First Sunday
27. Night Prayer : 9.30 p.m. Second Friday
28. Fasting Prayer : 9:30 a.m. Third Saturday
29. Holy Communion : Second Sunday Services
30. Morning Devotion : 5.30 a.m. daily
31. Staff Devotion : 9.00 a.m. daily
32. Office : 9.00 a.m. to 9.00 p.m. (except Sundays)

**The details of our Bank Accounts are given below. Please inform us the details of your remittances.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 102329 34679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |

**RNI NO. 2000/1914**
**Postal Regn. No. TN/CH/(C)/192/18-20**
**WPP NO. TN/PMG(CCR) / WPP- 263/18-20**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th JUNE 2020**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**